


www.PunjabiLibrary.com Webtopdfconverter.com

# ਵਿਲਕਦੇ ਘਰ

<u>**ਭਾਗ : ਪਹਿਲਾ**</u>

**ਇਹ** ਪਹਿਲੀ ਕਹਾਣੀ ਸੀ, ਜੋ ਮੇਰੇ ਲਈ ਲਿਖਣ ਵਿਚ ਕਾਫੀ ਦਿੱਕਤ ਲੈ ਕੇ ਆਈ, ਮੈਨੂੰ ਬਹੁਤਿਆਂ ਨੇ ਇਹ ਕਹਾਣੀ ਲਿਖਣ ਤੋਂ ਦੂਰ ਰਹਿਣ ਲਈ ਵੀ ਕਿਹਾ, ਪਰ ਮੈਂ ਆਪਣੇ ਆਪ ਨੂੰ ਨਹੀਂ ਰੋਕ ਸਕਿਆ,ਇਸ ਕਹਾਣੀ ਦਾ ਏਸ ਤੋਂ ਪਹਿਲਾਂ ਦੋ ਵਾਰ ਨਾਮ ਬਦਲਿਆ ਜਾ ਚੁੱਕਾ ਹੈ, ਹੈਰਾਨ ਦੀ ਗੱਲ ਹੈ,ਇਸ ਕਹਾਣੀ ਦੇ ਸਿਰਲੇਖ ਲਈ ਸਾਰੇ ਹੀ ਸ਼ਬਦ ਢੁੱਕਵੇਂ ਬਣ ਕੇ ਉੱਭਰਦੇ ਜਾਪੈ, ਮੈਂ ਦੱਸਣਾ ਚਾਹਾਂਗਾ ਇਸ ਵਿਚ ਵੀ ਬਾਕੀ ਕਹਾਣੀਆਂ ਦੇ ਵਾਂਗ ਕੁਝ ਹਿੱਸਾ ਮੇਰਾ ਹੀ ਹੈ।

ਘਰ ਵਿਚ ਸਾਰੇ ਖੁਸ਼ ਸਨ, ਤੇ ਮੈਂ ਵੀ ਬੜੀ ਖੁਸ਼ ਸਾਂ ਕਿਉਂਕਿ ਖੁਸ਼ ਹੋਣ ਦੀ ਵਜ੍ਹਾ ਹੀ ਕੁਛ ਅਜਿਹੀ ਸੀ, ਸਾਡੇ ਘਰ ਇੱਕ ਨਿੱਕਾ ਜਿਹਾ ਕਾਕਾ ਆਇਆ ਸੀ, ਮੈਨੂੰ ਲੱਗਦਾ ਉਹ ਮੇਰਾ ਪਹਿਲਾ ਦਿਨ ਸੀ, ਜਿਸ ਦਿਨ ਮੈਂ ਮੇਰੀ ਦਾਦੀ ਤੋਂ ਕੋਈ ਝਿੜਕ ਨਹੀਂ ਲਈ, ਅਸੀਂ ਤਿੰਨ ਭੈਣਾਂ ਸਾਂ ਤੇ ਮੈਂ ਤਿੰਨਾਂ ਵਿੱਚੋਂ ਛੋਟੀ ਸੀ, ਅਸੀਂ ਇੱਕ ਛੋਟੇ ਜਿਹੇ ਘਰ ਵਿਚ ਸਾਰੇ ਇੱਕਠੇ ਹੀ ਰਹਿੰਦੇ ਸੀ, ਮੈਂ ਮੇਰੇ ਤਾਏ ਨੂੰ ਵੀ ਭਾਪਾ ਹੀ ਆਖਦੀ ਸਾਂ, ਇਸੇ ਲਈ ਉਹ ਕਾਕਾ ਮੈਨੂੰ ਆਪਣੇ ਸਕੇ ਭਰਾ ਤੋਂ ਵੀ ਜ਼ਿਆਦਾ ਸੀ, ਨਾਲੇ ਉਹਦੇ ਕੋਈ ਭੈਣ ਨਹੀਂ ਸੀ, ਇਸੇ ਲਈ ਮੈਂ ਉਹਦੀ ਭੈਣ ਬਣ ਗਈ ਕਿਉਂਕਿ ਜਿਸ ਦਿਨ ਉਹ ਆਇਆ ਸੀ, ਸਾਰੇ ਆਖ ਰਹੇ ਸਨ, ਮੁੰਡਾ ਜਮਾਂ ਲਾਡੋ ਵਰਗਾ ਹੈ, ਤੇ ਲਾਡੋ ਮੈਂ ਹੀ ਸਾਂ, ਹਾਂ ਭਾਈ ਲਾਡੋ ਮੇਰਾ ਨਾਂ ਹੀ ਆ, ਹੈਰਾਨ

ਦੀ ਗੱਲ ਦੱਸਾਂ, ਮੈਂ ਉਸ ਦਿਨ ਸੁਣਿਆ ਸੀ ਕਈਆਂ ਦੇ ਮੂਹੋਂ ਪਹਿਲੀ ਵਾਰ ਆਪਣੇ ਨਾਮ ਨੂੰ, ਮੈਨੂੰ ਵੱਖਰਾ ਜਿਹਾ ਮਹਿਸੂਸ ਹੁੰਦਾ ਸੀ, ਏਵੇਂ ਮੰਨ ਲਵੋ, ਮੈਨੂੰ ਸੰਗ ਜਿਹੀ ਲੱਗਦੀ ਸੀ।

ਮੇਰੀ ਉਮਰ ਉਸ ਵਕਤ ਪੰਜ ਕੂ ਸਾਲ ਦੀ ਮਸਾਂ ਹੋਣੀ, ਉਸ ਦਿਨ ਵਾਲੀ ਇੱਕ ਨਿੱਕੀ ਜਿਹੀ ਗੱਲ ਮੈਨੂੰ ਹੁਣ ਵੀ ਯਾਦ ਆ, ਮੇਰੀ ਤਾਈ ਨੇ ਮੇਰੇ ਹੱਥ ਉੱਪਰ ਦੱਸ ਰੁਪਏ ਧਰਦਿਆਂ ਕਿਹਾ, ਜਾ ਕੁੜੀਏ ਸੇਠ ਦੀ ਦੁਕਾਨ ਤੋਂ ਰੀਬਨ ਫੜ ਲਿਆ, ਤੇ ਮੈਂ ਗਈ ਸੀ ਭੱਜੀ ਭੱਜੀ, ਆਉਂਦੀ ਹੋਈ ਜਵਾਕਾਂ ਵਾਂਗ ਭਿੱਜੀ ਆਉਂਦੀ ਸੀ, ਤੇ ਨਿੱਕੇ ਜਿਹੇ ਕੋਲ਼ੋਂ ਦੀ ਲੰਘੀ ਜਾਂਦੇ ਮੇਮਣੇ ਵੱਲ ਵੇਖਣ ਲੱਗ ਪਈ, ਤੇ ਅੰਗੂਠੇ ਤੇ ਠੇਕਰ ਲੱਗ ਗਈ, ਖੱਬੇ ਪੈਰ ਦੇ ਅੰਗੂਠੇ ਦਾ ਅੱਧਾ ਕੱਚਾ ਨੋਂਹ ਲੈ ਗਿਆ, ਕਿੰਨਾ ਲਹੂ ਨਿੱਕਲ ਰਿਹਾ ਸੀ, ਤੇ ਮਾਂ ਤੇ ਦਾਦੀ ਕੋਲੋਂ ਡਰ ਵੀ ਲੱਗ ਰਿਹਾ ਸੀ,ਤੇ ਦਰਦ ਦਾ ਤਾਂ ਕੋਈ ਅੰਤ ਹੀ ਨਹੀਂ ਸੀ, ਆਖ਼ਿਰ ਰੇਤਾ ਪਾ ਲ਼ਹੂ ਨੂੰ ਰੋਕ, ਤੇ ਝੂਠੀ ਜਿਹੀ ਚਿਹਰੇ ਤੇ ਮੁਸਕਰਾਹਟ ਲੈ , ਤਾਈ ਕੋਲ਼ ਘਰ ਬੜਦਿਆਂ ਸਿੱਧੀ ਹੀ ਚਲੀ ਗਈ, ਤੇ ਰੀਬਨ ਫੜਾ ਹੀ ਵਾਪਿਸ ਮੁੜ ਜਾ ਬੈਠਕ ਵਿਚ ਬੈਠ ਗਈ, ਜਿੱਥੇ ਦਾਦਾ ਬੈਠਾ ਹੁੰਦਾ ਸੀ, ਦਾਦਾ ਬੈਠਕ ਵਿਚ ਨਹੀਂ ਸੀ, ਉਸ ਵਕਤ ਲੱਗਦਾ ਸੱਥ ਵਿਚ ਚਲਾ ਗਿਆ ਹੋਣਾ, ਕਿੰਨਾ ਚਿਰ ਬੈਠੀ ਸੋਚਦੀ ਰਹੀ, ਕਿਤੇ ਘਰ ਨਾ ਪਤਾ ਲੱਗ ਜੇ,ਬਿੰਦੇ ਬਿੰਦੇ ਲਹੇ ਹੋਏ ਕੱਚੇ ਨੋਂਹ ਉੱਪਰ ਫੂਕਾਂ ਮਾਰਦੀ, ਫੇਰ ਅਚਾਨਕ ਕੀ ਵੇਖਿਆ, ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝਦੀ ਮਾਂ ਵਾਰ ਦੇ ਓਹਲੇ ਆ ਖਲੋਈ, ਉਸਦੀਆਂ ਅੱਖਾਂ ਵਿਚ ਗਰਨ ਗਰਨ ਪਾਣੀ ਵਗ ਰਿਹਾ ਸੀ, ਉਸ ਨੂੰ ਪਤਾ ਨਹੀਂ ਲੱਗਾ, ਕਿ ਮੈਂ ਏਥੇ ਹਾਂ, ਬਾਹਰੋਂ ਮੇਰੀ ਦਾਦੀ ਦੀ ਆਵਾਜ਼ ਸੁਣਾਈ ਦੇ ਰਹੀ ਸੀ, ਉਹ ਮੇਰੀ ਵਿਚਕਾਰਲੀ ਭੈਣ ਛਿੰਮਾ ਨੂੰ ਆਖ ਰਹੀ ਸੀ, ਕੁੜੇ ਤੇਰੀ ਮਾਂ ਕਿੱਥੇ ਆ.... ਜਾ... ਬੁਲਾ ਕੇ ਲਿਆ, ਦੁਪਹਿਰਾ ਹੋ ਗਿਆ, ਸਾਰਾ ਆਂਢ ਗੁਆਂਢ ਆ ਗਿਆ, ਹੁਣ ਨਿੰਮ ਨਹੀਂ ਬੰਨ੍ਹਣਾ, ਮਾਂ ਨੇ ਗਿੱਲੀਆਂ ਅੱਖਾਂ ਨੂੰ ਸਾਫ਼ ਕਰਦਿਆਂ ਕਿਹਾ, ਬਸ ਆਈ ਬੇਬੇ, ਬਾਪੂ ਦਾ ਬਿਸਤਰਾ ਖੜਾ ਕਰਨ ਲੱਗ ਗਈ ਸੀ, ਮੈਨੂੰ ਉਸ ਵਕਤ ਤਾਂ ਬੇਬੇ

Webtopdfconverter.com

ਦੇ ਹੰਝੂਆਂ ਦੇ ਪਿੱਛੇ ਦਾ ਰਾਜ਼ ਸਮਝ ਨਾ ਲੱਗਿਆ,ਤੇ  ਮੈਂ ਵੀ ਨਿੰਮ ਬਣਨ ਦੀ ਰਸਮ ਵੇਖਣ ਚਲੀ ਗਈ, ਸਾਰਾ ਹੀ ਆਂਢ ਆਇਆ ਹੋਇਆ ਸੀ, ਨਿੰਮ ਬੰਨ੍ਹਿਆਂ ਗਿਆ, ਤਾਈ ਨੇ ਸਾਰੀਆਂ ਕੁੜੀਆਂ ਨੂੰ, ਪੰਜ - ਪੰਜ ਰੁਪਏ ਦਿੱਤੇ, ਜਦੋਂ ਤਾਈ ਮੈਨੂੰ ਦੇਣ ਲੱਗੀ, ਮੈਂ ਕਹਿ ਦਿੱਤਾ ਤਾਈ ਜੀ ਮੇਰੇ ਕੋਲ ਤਾਂ ਹੈਗੇ ਨੇ, ਜਦੋਂ ਮੈਂ ਰਿਬਨ ਲੈਣ ਗਈ ਸੀ, ਪੰਜ ਰੁਪਏ ਸੇਠ ਨੇ ਵਾਪਿਸ ਕਰ ਦਿੱੱਤੇ ਸੀ ਤੇ ਤਾਈ ਨੇ ਘੂਰੀ ਜਿਹੀ ਤੱਕਣੀ ਮੇਰੇ ਵੱਲ ਤੱਕੀ ਤੇ, ਬਾਂਕੀ ਬਚਦੀਆਂ ਕੁੜੀਆਂ_ਨੂੰ  ਪਿਆਰ ਨਾਲ ਪੁੱਛਣ ਲੱਗੀ।....ਕੁੜੀਓ ਕੋਈ ਪੈਸਿਆਂ ਵੱਲੋਂ ਰਹਿ ਤਾਂ ਨਹੀਂ ਗਈ

ਸੱਚੀਂ ਮੈਨੂੰ ਉਹਨਾਂ ਦਿਨਾਂ ਵਿੱਚ ਲੱਗਦਾ ਹੁੰਦਾ ਸੀ, ਪਤਾ ਨਹੀਂ ਮੈਂ ਕਿਹੜੇ ਪਾਪ ਕਰੇ ਨੇ , ਜੋ ਮੈਨੂੰ ਕੋਈ ਪਿਆਰ ਨਾਲ ਵੀ ਨਹੀਂ ਬੁਲਾਉਂਦਾ, ਉਸ ਤੋਂ ਬਾਅਦ ਦਿਨ ਬਦਲਣੇ ਸ਼ੁਰੂ ਹੋ ਗਏ, ਤਾਏ ਤੇ ਬਾਪੂ ਦੀ ਦੂਜੇ ਤੀਜੇ ਦਿਨ ਕਿਸੇ ਨਾ ਕਿਸੇ ਗੱਲ ਪਿੱਛੇ ਲੜਾਈ ਹੋ ਜਾਣੀ, ਬਾਪੂ ਨੇ ਸ਼ਰਾਬ ਪੀ ਕੇ ਸ਼ਾਮੀ ਘਰ ਆਉਣਾ ਤੇ ਕਿਸੇ ਨਾ ਕਿਸੇ ਦਾ ਬਹਾਨਾ ਲਗਾ ਮਾਂ ਨੂੰ ਕੁੱਟਣਾ, ਕਦੇ ਕਦਾਈਂ ਸਾਡੇ ਤਿੰਨਾਂ ਭੈਣਾਂ ਦੇ ਵੀ ਇੱਕ ਦੋ ਥੱਪੜ ਲਗਾ ਦੇਣੇ, ਮੈਨੂੰ ਮੇਰੀ ਜ਼ਿੰਦਗੀ ਨਰਕ ਤੋਂ ਵੀ ਭੈੜੀ ਜਾਪਣ ਲੱਗੀ ਸੀ, ਤਾਏ ਤੇ ਬਾਪੂ ਦੀ ਲੜਾਈ ਮੇਰੇ ਦਾਦਾ ਜੀ ਨੂੰ ਲੈ ਬੈਠੀ, ਦਾਦਾ ਜੀ ਨੇ ਖੇਤ ਜਾ ਟਾਹਲੀ ਦੇ ਟਾਹਣੇ ਨਾਲ ਫ਼ਾਹਾ ਲੈ ਲਿਆ,ਇਹ ਪਹਿਲੀ ਵਾਰ ਸੀ, ਜਦੋਂ ਮੈਨੂੰ ਇਹ ਪਤਾ ਲੱਗਾ ਕਿ ਜੋ ਇਨਸਾਨ ਏਸ ਸੰਸਾਰ ਉੱਪਰ ਜਨਮ ਲੈਂਦਾ ਹੈ, ਉਹ ਮਰਦਾ ਵੀ ਹੈ, ਤੇ ਏਹੀ ਗੱਲ ਮੈਨੂੰ ਖਾਮੋਸ਼ੀ ਦੇ ਰਾਹ ਵੱਲ ਧਕੇਲ ਕੇ ਲੈ ਗਈ...

ਦਾਦੇ ਦੇ ਭੋਗ ਤੋਂ ਇੱਕ ਮਹੀਨੇ ਬਾਅਦ ਹੀ ਤਾਇਆ  ਜੀ ਤੇ ਬਾਪੂ ਅੱਡ ਅੱਡ ਹੋ ਗਏ ਸਾਰਾ ਕੁਝ ਵੰਡ ਲਿਆ, ਦਾਦੀ ਸਾਡੇ ਹਿੱਸੇ ਆ ਗਈ, ਮੇਰੀ ਦਾਦੀ ਦੀ ਮੇਰੀ ਮਾਂ ਨਾਲ ਬਿਲਕੁਲ ਵੀ  ਨਹੀਂ ਸੀ ਬਣਦੀ, ਮੈਨੂੰ ਯਾਦ ਹੈ ਇੱਕ ਵਾਰ ਕੀ ਹੋਇਆ ਇੱਕ ਸਾਲ ਤੋਂ ਬਾਅਦ ਮੇਰੇ ਮਾਮਾ ਮਾਮੀ ਹੋਰੀਂ ਆਏ ਸੀ, ਤੇ ਮੇਰੀ ਮਾਂ ਨੇ ਉਹਨਾਂ ਲਈ ਖ਼ੀਰ ਬਣਾ ਲਈ, ਮੈਨੂੰ ਅੱਜ ਵੀ ਯਾਦ ਏ, ਮੇਰੀ ਦਾਦੀ ਨੇ ਉਹਨਾਂ ਦੇ

Webtopdfconverter.com

ਸਾਹਮਣੇ ਹੀ ਮੇਰੀ ਮਾਂ ਨੂੰ ਪੂਰਾ ਇੱਕ ਘੰਟਾ ਗਾਲਾਂ ਕੱਢੀ ਗਈ, ਤਦ ਤੋਂ ਹੀ ਮੈਨੂੰ ਇਹ ਬੁੱਢੀਆਂ ਔਰਤਾਂ ਤੋਂ ਨਫ਼ਰਤ ਹੋ ਗਈ, ਮੈਂ ਸਭ ਤੋਂ ਨਫ਼ਰਤ ਕਰਨ ਲੱਗ ਗਈ , ਬੇਸ਼ੱਕ ਉਹ ਬੁੱਢੀ ਔਰਤ ਕੋਈ ਵੀ ਹੋਵੇ, ਪਰ ਅਚਾਨਕ ਅਜਿਹਾ ਹੋਇਆ,ਸਾਰੇ ਜਾਨੇ ਮੈਨੂੰ ਕਹਿੰਦੇ ਹੁਣ ਤੁਹਾਡੇ ਘਰ ਵੀ ਕਾਕਾ ਆਵੇਗਾ, ਤੇ ਤੁਸੀਂ ਵੀ ਨਿੰਮ ਬਣੋਗੇ, ਮੈਂ ਦਿਨ ਰਾਤ ਰੱਬ ਅੱਗੇ ਅਰਦਾਸ ਕਰਦੀ, ਕਿ ਰੱਬ ਸਾਨੂੰ ਤਾਏ ਕੇ ਕਾਕੇ ਵਰਗਾ ਇਕ ਸੋਹਣਾ ਜਿਹਾ ਵੀਰ ਦੇਵੇ, ਪਰ ਹੋਇਆ ਉਹ ਜੋ ਕਦੀਂ ਸੋਚਿਆ ਵੀ ਨਹੀਂ ਸੀ, ਸਾਡੇ ਘਰ ਦੋ ਕਾਕਿਆਂ ਨੇ ਜਨਮ ਲਿਆ, ਉਹ ਕਾਕੇ ਕੋਈ ਹੋਰ ਨਹੀਂ ਸਨ, ਉਹ ਮੇਰੀਆਂ ਮੇਰੇ ਤੋਂ ਛੋਟੀਆਂ ਭੈਣਾਂ ਸਨ, ਮੇਰੀ ਦਾਦੀ ਨੇ ਮੇਰੀ ਮਾਂ ਤੇ ਮੇਰੀਆਂ ਭੈਣਾਂ ਦਾ ਕਈ ਦਿਨਾਂ ਤੀਕ ਮੂੰਹ ਤੱਕ ਨਹੀਂ ਸੀ ਵੇਖਿਆ ਤੇ ਮੇਰੀਆਂ ਭੈਣਾਂ ਨੂੰ ਪੱਥਰ ਤੇ ਮੇਰੀ ਮਾਂ ਨੂੰ ਕਲਮੂੰਹੀ ਆਖ ਬਲਾਉਂਦੀ, ਤੇ ਆਢਣਾਂ ਗੁਆਂਢਣਾਂ ਵੀ ਆ ਕੇ ਜਾਣ ਜਾਣ ਦੁੱਖਦੇ ਜ਼ਖ਼ਮ ਉੱਪਰ ਲੂਣ ਭੁੱਕਦੀਆਂ, ਇੱਕ ਦਿਨ ਮੇਰੇ ਕੋਲੋਂ ਲੱਸੀ ਵਾਲੇ ਰਿੜਕਣੇ ਨਾਲ ਪੈਰ ਲੱਗ ਗਿਆ ਤੇ ਸਾਰੀ ਲੱਸੀ ਡੁੱਲ ਗਈ, ਮੇਰੀ ਦਾਦੀ ਨੇ ਮੈਨੂੰ ਬਲਾਂ ਕੁੱਟਿਆ ਐਨਾ ਕੁੱਟਿਆ ਕੀ ਮੇਰੀ ਸਾਰੀ ਢੂੰਹ ਨੀਲੀ ਹੋ ਗਈ, ਉਸ ਤੋਂ ਬਾਅਦ ਮੈਨੂੰ ਮੇਰੀ ਨਾਨੀ ਨਾਨਕੇ ਪਿੰਡ ਲੈ ਆਈ:---

ਟਿੱਬਿਆਂ ਦੇ ਰੇਤੇ ਵਿਚੋਂ ਉੱਡਕੇ ਮੈਂ

ਇੱਕ ਕਾਲਖ਼ ਦੇ ਦੇਸ਼ ਪੁੱਜੀ

ਕੋਈ ਨਾ ਏਥੇ ਆਪਣਾ ਲੱਗੇ

ਕਿਹਨੂੰ ਸੁਣਾਵਾਂ ਬਾਤ ਗੁੱਝੀ
ਚੱਲ ਆਪਣਿਆਂ ਨਾਲੋਂ ਚੰਗੇ ਨੇ

ਜੇ ਆਪਣੇ ਨਹੀਂ ਤਾਂ ਗ਼ੈਰ ਸਹੀ

Webtopdfconverter.com

ਮਾੜੀ ਕਿਸਮਤ ਮੰਨ ਲਵੋ

ਜਾਂ ਕੋਈ ਕੱਢਿਆ ਵੈਰ ਸਹੀ
ਹਨੇਰੇ ਵਰਗਾ ਸਾਥ ਸੀ

ਮੇਰੀ ਤਾਂ ਮਾਂ ਕਰਜ਼ਾਈ ਦਾ

ਕਿੱਥੋਂ ਲੱਭਾਂ , ਕਿਸ ਤੋਂ ਪੁੱਛਾਂ

ਕਿਦਾਂ ਮੁੜ ਵਾਪਿਸ ਹੈ ਜਾਈਦਾ
ਦੱਬ ਹੀ ਨਾ ਦਿੱਤਾ ਹੋਵੇ

ਕਿਤੇ ਮਿੱਟੀ ਦੀ ਢੇਰੀ ਚ

ਚੰਗੀ ਕਿਸਮਤ ਪਾ ਦੇ ਭੈਣਾਂ ਦੀ

ਰੱਬਾ ਮਾੜਾ ਪਾ ਦੇ ਮੇਰੀ ਚ
ਆਪੇ ਬੈਠ ਕੇ ਝੱਲੀ ਜਾਊ

ਏਹ ਜੱਗ ਦੀਆਂ ਮੈਂ ਵਾਰਾਂ ਨੂੰ

ਕੋਈ ਤਾਂ ਸਜ਼ਾ ਤੇਰੇ ਹੱਥੋਂ ਵੀ ਹੋਊ

ਇਹਨਾਂ ਨੰਨ੍ਹੀਆਂ ਦੇ ਹਥਿਆਰਾਂ ਨੂੰ

ਰੱਬ ਨੇ ਸਭ ਖੈਰੀਅਤ ਰੱਖੀ, ਦੂਸਰੇ ਸਾਲ ਹੀ ਸਾਡੇ ਘਰ ਵੀਰਾ ਆ ਗਿਆ, ਮੈਨੂੰ

www.PunjabiLibrary.com Webtopdfconverter.com

ਯਾਦ ਆ, ਦੱਸ ਕੂ ਵਜੇ ਦਾ ਸਮਾਂ ਸੀ, ਜਦੋਂ ਬੰਤੇ ਕਾ ਗੁਰਨਾਮ ਆਇਆ , ਜਦੋਂ ਮੇਰੀ ਨਾਨੀ ਨੂੰ ਦੱਸਿਆ ਕਿ ਆਪਣੀ **ਉਚੇ ਕੋਠੇ** ਵਾਲੀ ਭੈਣ ਕੋਲ ਮੁੰਡਾ ਏ, ਨਾਨੀ ਨੇ ਮੈਨੂੰ ਬੰਤੇ ਘਰ ਖੇਡਦੀ ਨੂੰ ਬੁਲਾ ਲਿਆ_ਸੀ,_ਤੇ_ਕਿਹਾ ਸੀ, ਜਲਦੀ ਜਲਦੀ ਸੋਹਣੇ ਕੱਪੜੇ ਪਾ ਲਾ , ਅੱਜ ਪਿੰਡ ਵਾਲੇ ਘਰ ਵੀਰਾ ਆਇਆ ਹੈ, ਆਪਾਂ ਦੋਵੇਂ ਪਿੰਡ ਜਾਵਾਂਗੇ, ਮੈਨੂੰ ਪਤਾ ਕਿੰਨੀ ਖੁਸ਼ੀ ਸੀ ਸਾਰਿਆਂ ਦੇ ਚਿਹਰੇ ਤੇ , ਮੇਰੀ ਮਾਂ ਨੂੰ ਵੇਖ ਕੇ ਮੇਰੀਆਂ ਅੱਖਾਂ ਭਰ ਆਈਆਂ ਸੀ, ਮੈਂ ਆਖ਼ਰੀ ਵਾਰ ਗਈ ਸੀ , ਉਦੋਂ ਪਿੰਡ ਬਸ ਉਸਤੋਂ ਬਾਅਦ ਇੱਕ ਵਾਰ ਹੋਰ, ਮੈਨੂੰ ਮੇਰੇ ਮਾਮੇ ਨੇ ਨਾਨਕੇ ਪਿੰਡ ਪੜਨ ਲਗਾ ਦਿੱਤਾ ਸੀ, ਇਸ ਲਈ ਜਦੋਂ ਨਾਨੀ ਮਾਂ ਨੂੰ ਮਿਲਣ ਜਾਂਦੀ ਵੀ , ਉਹ ਇੱਕਲੀ ਹੀ ਚਲੀ ਜਾਂਦੀ, ਜੂਨ ਦੀਆਂ ਛੁੱਟੀਆਂ ਹੋਈਆਂ , ਮੈਂ ਮੇਰੀ ਨਾਨੀ ਨੂੰ ਪੈਣ ਲੱਗੇ ਕਿਹਾ, ਨਾਨੀ ਜੀ ਮੇਰਾ ਜੀ ਕਰਦਾ ਮੈਂ ਪਿੰਡ ਨਾ ਜਾ ਆਵਾਂ , ਮਾਮਾ ਕੋਲ ਹੀ ਪਿਆ ਸੀ, ਉਹ ਬੋਲਿਆ ਨਹੀਂ ਮਾਂ, ਉਥੇ ਪਹਿਲਾਂ ਹੀ ਜਵਾਕ ਬਹੁਤ ਨੇ, ਐਵੇਂ ਲੜੀ ਜਾਇਆ ਕਰਨਗੇ ਸਾਰਾ, ਨਾਨੀ ਨੇ ਕਿਹਾ, ਕੁਝ ਨਹੀਂ ਹੁੰਦਾ ਪੁੱਤ ਜਵਾਕ ਹੋਰ ਕੀ ਕਰਦੇ ਹੁੰਦੇ ਨੇ, ਲਾਡੋ ਦਾ ਆਪਣਾ ਪਿੰਡ ਹੈ ਉਹ ਜਾਂ ਆਉਣਦੇ ਜਵਾਕੜੀ ਨੂੰ, ਨਾਲੇ ਪੁੱਤ ... ਨੋਹਾਂ ਨਾਲੋਂ ਮਾਸ ਕਦੇ ਅੱਡ ਨਹੀਂ ਹੁੰਦਾ... ਬੇਸ਼ੱਕ ਉਹ ਏਥੇ ਰਹਿੰਦੀ ਆ, ਪਰ ਅਸਲੀ ਮਾਂ ਬਾਪ ਦਾ ਉਹੀ ਆ...ਮਾਮੇ ਕੁਝ ਨਾ ਬੋਲਿਆ... ਵੈਸੇ ਇਹਦੀ ਦਾਦੀ ਦਾ ਵੀ ਸੁਭਾਅ ਠੀਕ ਜਾ ਹੀ ਆ.... ਮੈਨੂੰ ਇਹ ਯਾਦ ਕਰ ਥੋੜ੍ਹਾ ਜਿਹਾ ਡਰ ਲੱਗਿਆ...ਪਰ ਫੇਰ ਵੀ ਦਿਲ ਨਾ ਮੰਨਿਆ, ਮੈਂ ਪਿੰਡ ਆ ਗਈ, ਅਸੀਂ ਪੰਜੇ ਭੈਣਾਂ ਇੱਕਠੀਆਂ ਖੇਡਦੀਆਂ, ਮੇਰੀ ਵੱਡੀ ਭੈਣ ਸਾਰਾ ਦਿਨ ਮੇਰੀ ਮਾਂ ਨਾਲ ਕੰਮ ਕਰਾਉਂਦੀ ਰਹਿੰਦੀ, ਮੈਨੂੰ ਉਹਦੇ ਵੱਲ ਵੇਖ ਬੜਾ ਤਰਸ ਜਿਹਾ ਆਉਂਦਾ, ਕਿਉਂਕਿ ਨਾ ਮੇਰੇ ਪਿਓ ਨੇ ਉਹਨਾਂ ਨੂੰ ਪੜਨੇ ਲਾਇਆ ਸੀ, ਮੈਂ ਖੇਡਦੀ ਖੇਡਦੀ ਹੱਟ ਕੇ , ਜਾ ਵੱਡੀ ਭੈਣ ਨਾਲ ਜਾ ਕੰਮ ਕਰਾਉਣ ਲੱਗ ਜਾਂਦੀ, ਮੇਰੀ ਮਾਂ ਰੋਕ ਦੇਂਦੀ ਨਹੀਂ ਪੁੱਤ , ਜਾਓ ਇਹ ਕੰਮ ਮੈਂ ਆਪ ਕਰਲੂ, ਤੁਸੀਂ ਵੀਰ ਨੂੰ ਖਿਡਾ ਲਵੋ ਜਾਕੇ,ਮੇਰੀ ਦਾਦੀ ਮੇਰੀ ਭੈਣ ਨੂੰ ਨਾਲ਼ ਦੀ ਨਾਲ਼ ਹਾਕ ਮਾਰ ਦਿੰਦੀ ...ਉਰੇ ਆ ਕੁੜੀਏ...ਜਾ ਮੱਟੀ ਚੋਂ ਪਾਣੀ ਲੈ ਕੇ ਆ... ਜਦੋਂ ਉਹ ਪਾਣੀ ਦਾ ਕੌਲਾ ਹੱਥ ਚ

ਫੜਾ ਦੇਂਦੀ ਤਾਂ ਆਖਦੀ...ਵੇਖ ਕਿਵੇਂ ਫੜਿਆ ਭਾਂਡਾ...ਟੁੱਟੇ ਹੱਥਾਂ ਨਾਲ... ਜਿਵੇਂ ਜਿੰਦ ਜਾਨ ਹੀ ਨਹੀਂ ਹੁੰਦੀ...ਤੇਰੀ ਮਾਂ ਦਾ ਤਾਂ ਸਰ ਗਿਆ.... ਤੇਰਾ ਨਹੀਂ ਸਰਨਾ ਅੱਗੇ...ਨਾ ਖੇਡਣ ਨੂੰ ਛੋਟੀ ਆ ... ਤੂੰ... ਚਰਖ਼ਾ ਕੱਤਣਾ ਸਿਖਲਾ... ਐਨੇ ਵਿਚ ਮਾਂ ਹਾਕ ਮਾਰ ਲੈਂਦੀ...ਉਰੇ ਆ ਕੁੜੀਏ...ਕੀ ਹੋਇਆ... ਫੇਰ ਕੋਲ ਸੱਦ ਕੇ ਹੌਲੀ ਜਿਹੀ ਆਖਦੀ ਕੋਈ ਨਾ ਪੁੱਤ... ਬੇਬੇ ਦਾ ਸੁਭਾਅ ਹੀ ਏਵੇਂ ਦਾ ਏ... ਤੂੰ ਰੋ ਨਾ...ਜਾ ਖੇਡ ਲਾ ਪੁੱਤ... ਉਹ ਆਪ ਉਹਲੇ ਹੋ ਹੋ ਕੇ ਆਪਣੀਆਂ ਡੁੱਲਦੀਆਂ ਅੱਖਾਂ ਪੂੰਝਦੀ ਰਹਿੰਦੀ... ਕਿਉਂਕਿ ਮਾਂ ਤਾਂ ਮਾਂ ਹੀ ਹੁੰਦੀ ਏ.

ਅੰਦਰਲਾ ਦੁੱਖ ਵੀ ਪੜ ਲੈਂਦੀ ਆ

ਉਹ ਸੁਰੀਂ ਵੱਜਦੀ ਰਬਾਬ ਜਿਹੀ ਲੱਗਦੀ

ਸਾਰਿਆਂ ਦਾ ਆਪਣੇ ਤੋਂ ਵੱਧ ਖਿਆਲ ਕਰੇ

ਉਹ ਡੂੰਘੀ ਵਹਿੰਦੀ ਚਨਾਬ ਜਿਹੀ ਲੱਗਦੀ

ਝੜਕਦੀ ਵੀ ਹੈ ਪਰ ਪਿਆਰ ਵੀ ਕਰੇ

ਉਹ ਹੱਸਮੁੱਖੇ ਦੇ ਪਾਈ ਨਿਕਾਬ ਜਿਹੀ ਲੱਗਦੀ

ਖੁਦ ਟੁੱਟ ,ਸਾਨੂੰ ਟੁੱਟਣ ਨਾ ਦੇਵੇ

ਮੈਨੂੰ ਮੇਰੀ ਮਾਂ ਪੰਜਾਬ ਜਿਹੀ ਲੱਗਦੀ

ਖ਼ਲਕਤ ਨੇ ਪੁੱਛਿਆ ਕੌਣ ਹੈ ਰੱਬ..??

ਮਾਂ ਮੇਰੀ ਉਹਦਾ ਜਵਾਬ ਜਿਹੀ ਲੱਗਦੀ

ਉਹਦਾ ਚਿਹਰਾ ਮੇਰੇ ਲਈ ਸਭ ਕੁਝ

Webtopdfconverter.com

ਅੱਖ ਉਹਦੀ ਕਿਸੇ ਕਿਤਾਬ ਜਿਹੀ ਲੱਗਦੀ

ਜਦ \'**ਸੁਖ ਸਿਆਂ**\' ਮਾਂ ਦੇ ਕੋਲ ਹੋਵਾਂ

ਜ਼ਿੰਦਗੀ ਇਹ ਖਬਾਬ ਜਿਹੀ ਲੱਗਦੀ

ਮੈਨੂੰ ਜੇ ਕੋਈ ਪੁੱਛੇ, ਤੂੰ ਏਵੇ ਦੱਸ ਤੂੰ ਜਿੰਦਗੀ ਵਿੱਚ ਹੁਣ ਤੀਕ ਸਭ ਤੋਂ ਜ਼ਿਆਦਾ ਕਿਸ ਤੋਂ ਸਿੱਖਿਆ ਹੈ, ਤਾਂ ਮੇਰਾ ਜਵਾਬ...ਮੇਰੀ ਮਾਂ ਹੋਵੇਗਾ, ਮੈਂ ਉਹ ਮਹੀਨੇ ਦੀਆਂ ਛੁੱਟੀਆਂ ਨੂੰ ਕਦੇ ਨਹੀਂ ਭੁੱਲ ਸਕਦੀ, ਜਦੋਂ ਮੈਨੂੰ ਮੇਰਾ ਮਾਮਾ ਲੈਣ ਗਿਆ ਸੀ ਤਾਂ ਮੇਰੀ ਮਾਂ ਨੇ ਮੈਨੂੰ ਇੱਕ ਗੱਲ ਕਹੀ ਸੀ... ਪੁੱਤ ਤੂੰ ਮੇਰਾ ਦੂਸਰਾ ਪੁੱਤਰ ਏ... ਮੈਨੂੰ ਉਦੋਂ ਤਾਂ ਇਹ ਗੱਲ ਸਮਝ ਨਹੀਂ ਸੀ ਲੱਗੀ, ਮੈਂ ਉਸ ਤੋਂ ਬਾਅਦ ਪਿੰਡ ਨਹੀਂ ਗਈ

ਮੈਂ ਪੜਾਈ ਵਿੱਚ ਬਹੁਤ ਹੁਸ਼ਿਆਰ ਸਾਂ, ਮੈਂ ਪੰਜਵੀਂ ਕਲਾਸ ਤੋਂ ਬਾਅਦ ਸ਼ਹਿਰ ਪੜਨ ਲਈ ਚਲੀ ਗਈ,ਮੇਰਾ ਪੰਜਵੀਂ ਕਲਾਸ ਤੋਂ ਬਾਅਦ ਦਾ ਸਾਰਾ ਖਰਚਾ ਸਰਕਾਰ ਵੱਲੋਂ ਮਿਲ ਜਾਂਦਾ ਸੀ ਨਹੀਂ ਸਕੂਲ ਦੇ ਪ੍ਰਿੰਸੀਪਲ ਜੋ ਕਿ ਮੇਰੇ ਮਾਮਾ ਜੀ ਦੇ ਬੜੇ ਹੀ ਅਜ਼ੀਜ਼ ਮਿੱਤਰ ਸਨ, ਉਹ ਭਰ ਦੇਆ ਕਰਦੇ ਸਨ, ਮੈਂ ਛੇਵੀਂ ਜਮਾਤ ਵਿਚੋਂ ਪੂਰੇ ਸਕੂਲ ਵਿਚੋਂ ਅਵੱਲ ਆਈ ਸੀ,ਤੇ ਹੋਰ ਇੱਕ ਮੈਂ ਛੇਵੀਂ ਜਮਾਤ ਵਿਚ ਹੀ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸੀ, ਉਦੋਂ ਮੈਂਨੂੰ ਇਹ ਵੀ ਨਹੀਂ ਸੀ ਪਤਾ ਕਿ  ਇਹਨਾਂ ਨੂੰ ਕਵੀਤਾਵਾਂ ਆਖਦੇ ਨੇ ,ਕਈ ਵਾਰ ਜਦੋਂ ਅਸੀਂ ਲਾਇਬ੍ਰੇਰੀ ਵਿਚ ਕਿਤਾਬ ਪੜਨ ਜਾਦੇ ਤਾਂ ਮੈਂ ਉਹ ਕਾੱਪੀ ਨਾਲ ਲੈ ਕੇ ਜਾਂਦੀ , ਜਿਸ ਉੱਪਰ ਮੈਂ ਕਵਿਤਾਵਾਂ ਜਾ ਕੁਝ ਵੀ ਲਿਖਦੀ ਸੀ, ਮੇਰੀ ਪੰਜਾਬੀ ਦੀ ਅਧਿਆਪਕਾ ਨੇ ਮੇਰੀ ਇੱਕ ਦਿਨ ਉਹ ਕਾੱਪੀ ਚੁੱਕ ਲਈ, ਉਸ ਵਿਚ ਲਿਖਿਆ ਹੋਇਆ ਸੀ....

ਵੰਨ- ਸੁਵੰਨੇ ਖ਼ਲਾਅ ਦਾ

ਕੋਈ ਜੁਗਨੂੰ ਗੀਤ ਸੁਣਾ

Webtopdfconverter.com

ਜਿਸ ਉਮਰੇ ਮੈਂ ਅੱਡ ਹੋਈ

ਆਪਣੀ ਹੀ ਮਾਂ ਦੇ ਕੋਲੋਂ

ਤੂੰ ਹੇਕ ਓਸ ਤੇ ਲਾ
ਜਾਂ ਫੇਰ ਖ਼ਲਕਤ ਦੀ ਰਾਣੀ ਨੂੰ

ਬਿਨ ਦੱਸੇ ਕੋਈ ਉੱਡਣ ਖੰਭਾਂ ਦਾ

ਇੱਕ ਜੋੜਾ ਚੁਰਾ ਲਿਆ

ਭਲਾਂ ਗੱਲ ਮੈਂ ਦੱਸਾਂ ਤੈਨੂੰ

ਇੱਕ ਹੋਰ ਕੋਈ.....
ਕੱਲ੍ਹ ਇੱਕ ਟੁੱਟਿਆ ਤਾਰਾ ਅੰਬਰ ਤੋਂ

ਭਲਾਂ ਪਤਾ ਕਰ ਸਾਂ, ਕਿਹੜੇ ਦੇਸ਼ ਗਿਆ

ਉਹ ਜੋ ਵਿਖਦੀ ਹਰੀ ਜਿਹੀ ਟਾਹਲੀ

ਉਹਦੇ ਥੱਲੇ ਚਿੱਟੀ ਦਾਹੜ੍ਹੀ ਵਾਲਾ

ਹੈ ਮੇਰਾ ਈਂ ਬਾਪ ਪਿਆ....
ਸੁੰਨ ਕਿਉਂ ਛਾਏ ਭਲਾਂ ਰਾਤ ਨੂੰ

ਕੋਈ ਕਿਉਂ ਨਾ ਪੁੱਛੇ ਭਲਾਂ ਇਹ ਬਾਤ ਨੂੰ

Webtopdfconverter.com

ਹੈ ਕੌਣ ਜੋ ਫੜ ਕੰਮੀਂ ਲਾ ਗਿਆ

ਧਰਤੀ , ਸੂਰਜ ਤੇ ਆਕਾਸ਼ ਨੂੰ
ਫੜਕੇ ਕੰਨੀਂ ਰੱਖਲਾ,

ਤੂੰ ਟਿੱਬਿਆਂ ਦੇ ਖੇਤ ਦੀ

ਇਹ ਚੜ੍ਹਿਆ ਸਾਵਣ ਦੱਸਦਾ

ਏਹੀ ਧੁੱਪ ਸੀ ਚੇਤ ਦੀ
ਧੁੰਦਲੇ ਵਿਖਦਾ ਚਿਹਰਾ ਜੋ

ਤੇ ਔਖੇ ਲੈਂਦਾ ਸਾਂ

ਮੈਨੂੰ ਕਿਉਂ ਲੱਗਦਾ

ਉਹ ਕੋਈ ਹੋਰ ਨਹੀਂ

ਉਹ ਹੈ ਹੀ ਮੇਰੀ ਮਾਂ

ਅਧਿਆਪਕਾ ਨੇ ਪੁੱਛਿਆ , ਲਾਡੋ ਇਹ ਕਿਸਨੇ ਲਿਖਿਆ ਹੈ, ਇਹ ਕਿਸ ਦੀ ਕਾੱਪੀ ਚੁਰਾਈ ਹੈ, ਮੈਂ ਡਰਦੀ ਡਰਦੀ ਨੇ ਅਧਿਆਪਕਾ ਨੂੰ ਦੱਸਿਆ ਕਿ ਇਹ ਕਾੱਪੀ ਮੇਰੀ ਹੀ ਹੈ, ਮੇਰੀ ਅਧਿਆਪਕਾ ਵੇਖ ਕੇ ਹੈਰਾਨ ਸੀ,ਉਸ ਨੇ ਮੈਨੂੰ ਪੁੱਛਿਆ ਕੇ ਤੂੰ ਇਹ ਸ਼ਬਦ ਕਿਥੋਂ ਲੱਭੇ ਨੇ, ਮੈਂ ਜਵਾਬ ਦਿੱਤਾ, ਇਹ ਤਾਂ ਆਪਣੇ ਆਪ ਹੀ ਬਣ ਗਏ, ਮੈਂ ਲਿਖ ਰਹੀ ਸੀ, ਇਹ ਆਪ ਮੁਹਾਰੇ ਹੀ ਅੱਗੇ ਆ ਗਏ... ਉਸ ਤੋਂ

Webtopdfconverter.com

ਬਾਅਦ ਅਧਿਆਪਕਾ ਨੇ ਇਹ ਗੱਲ ਪਿ੍ਰੰਸੀਪਲ ਨਾਲ ਸਾਂਝੀ ਕੀਤੀ ਤੇ ਇਸ ਤੋਂ ਬਾਅਦ ਮੈਂ ਲਾਡੋ ਤੋਂ ਲਾਡੋ ਲੇਖੀਕਾ ਬਣ ਗਈ, ਮੇਰੀਆਂ ਰਚਨਾਵਾਂ ਸਕੂਲੀ ਰਿਸਾਲੇ ਵਿਚ ਵੀ ਛਪੀਆਂ, ਤੇ ਪ੍ਰਿੰਸੀਪਲ ਨੇ ਅਖਬਾਰ ਵਿੱਚ ਵੀ ਲਗਵਾਈਆਂ... ਮੇਰੇ ਲਈ ਇਹ ਬਹੁਤ ਵੱਡੀ ਗੱਲ ਸੀ... ਮੈਨੂੰ ਮੇਰੀ ਮਾਂ ਦੀ ਕਹੀ ਗੱਲ ਯਾਦ ਆਈ.... ਪੁੱਤ ਤੂੰ ਮੇਰਾ ਦੂਸਰਾ ਪੁੱਤਰ ਏ....

**ਵਿਲਕਦੇ ਘਰ**

ਸਾਡੇ ਤਾਂ ਜੀ, ਭੈਣਾਂ ਵੀ

ਮਾਵਾਂ ਹੁੰਦੀਆਂ ਨੇ

**ਭਾਗ : ਦੂਸਰਾ**

ਕਹਿੰਦੇ ਹੁੰਦੇ ਨੇ, ਹਰ ਇਕ ਇਨਸਾਨ ਦੀ ਜ਼ਿੰਦਗੀ ਵਿਚ ਇਕ ਅਜਿਹਾ ਮੋੜ ਜ਼ਰੂਰ ਆਉਂਦਾ ਹੈ, ਜੋ ਉਸਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੰਦਾਂ ਹੈ,ਪਰ ਮੇਰੀ ਜਿੰਦਗੀ ਵਿੱਚ ਇੱਕ ਨਹੀਂ ਦੋ ਮੋੜ ਆਏ ਜਿਨ੍ਹਾਂ ਨੇ ਮੈਨੂੰ ਪੂਰੀ ਤਰ੍ਹਾਂ ਬਦਲ ਦਿੱਤਾ।

ਸੂਰਜ ਡੁੱਬਦੇ ਗਏ

ਸੂਰਜ ਉੱਗਦੇ ਗਏ

ਘੜੀ ਬੀਤਦੀ ਗਈ

ਉਮਰ ਉਲੀਕਦੀ ਗਈ

~

ਰੁੱਤਾਂ ਬਦਲਦੀਆਂ ਗਈਆਂ

ਫੁੱਟ, ਮੁੜ ਪੱਤੇ ਝੜਦੇ ਰਹੇ

ਸ਼ਾਇਰ ਲਿਖਦੇ ਰਹੇ

ਪਾਠਕ ਪੜਦੇ ਰਹੇ

~

ਮੁਹੱਬਤ ਉਹੀ ਹੈ

ਬਸ ਇਨਸਾਨ ਬਦਲੇ ਨੇ

ਮਹਿਫ਼ਲ ਲੱਗਦੀ ਹੈ

ਪਰ ਮਹਿਮਾਨ ਬਦਲੇ ਨੇ

~

ਭੁੱਲੇ ਅੱਜ ਵੀ ਨਹੀਂ

ਤੇ ਯਾਦ ਕੱਲ ਵੀ ਨਹੀਂ

ਪਿਛਾਂਹ ਵੀ ਨਹੀਂ ਮੁੜੇ

ਵਧੇ ਅੱਗੇ ਵੱਲ ਵੀ ਨਹੀਂ

Webtopdfconverter.com

~

ਨਾਂਮ ਦੇ ਉੱਪਰ ਨਾ ਜਾਵੀਂ

ਨਿਰਾ ਹਨੇਰੇ ਦਾ ਘਰ ਹੈ

ਇੱਕਠੇ ਤਾਂ ਹੋਵਾਂਗੇ,ਅਗਲੇ ਜਨਮ

ਏਥੇ ਤਾਂ ਵਿਚਾਲੇ ਅਜੇ ਪਰ ਹੈ

~

ਉਦਾਂ ਹੀ ਮਾੜਾ ਏ

ਉਦਾਂ ਹੀ ਚੰਗਾ ਏ

ਅਪਣੱਤ ਦਾ ਸਾਥੀ

ਰੱਬ ਦਾ ਉਹ ਬੰਦਾ ਏ

~

ਕੰਨਾਂ ਚ ਰੇਂਗਦੀਂ, ਅੱਖਾਂ ਚ ਚੁੱਭਦੀ

ਉਸੇ ਹੀ ਧੁੱਪ ਦਾ ਲਿਸ਼ਕਾਰਾ ਹੈ

ਤੈਨੂੰ ਦੱਸਾਂ! ਮੈਨੂੰ ਤੇਰੇ ਤੋਂ ਵੀ ਪਿਆਰਾ

ਲੱਗਦਾ ਉਹ ਗੂੜ੍ਹਾ ਜਿਹਾ ਤਾਰਾ ਹੈ

Webtopdfconverter.com

~

ਹੋਰ ਕਿੰਨਾ ਚਿਰ ਲਾਗੇ

ਪਰਛਾਈ ਦਾ ਪਹਿਰਾ ਏ

ਵੇਖੇ ਅੱਜ ਜੋ ਧੁੰਦਲਾ

ਮੁੱਖੜਾ ਉਹ ਗਹਿਰਾ ਏ

~

ਮੈਂ ਵੀ ਕਦੇ ਉਹਦੇ ਨਾਂ

ਖਿਆਲਾਂ ਦੀ ਬੁਣਤੀ ਨੂੰ ਪਾਵਾਂ

ਲਿਖ ਗੀਤ ਕੋਈ ਨਾਂ ਉਹਦੇ

ਚੜ ਛੱਤ ਉੱਤੇ ਗਾਵਾਂ

~

ਮੈਨੂੰ ਖ਼ੁਦ ਵੀ ਨਹੀਂ ਪਤਾ ਲੱਗਦਾ, ਮੈਂ ਇਹ ਸਭ ਜੋ ਲਿਖਦੀ ਆਂ, ਉਹ ਕਿਹਦੇ ਲਈ ਆ, ਜਾਂ ਕੌਣ ਹੈ ਉਹ....!!!,ਜੋ ਮੇਰੀਆਂ ਇਹਨਾਂ ਲਿਖਤਾਂ ਨੂੰ ਸੁਣੇਗਾ..... ਮੇਰੇ ਖਿਆਲਾਂ ਨੇ ਉਹਦੇ ਨਾਂ ਕਵਿਤਾਵਾਂ ਲਿਖਦੇ ਲਿਖਦੇ ਪਤਾ ਨਹੀਂ ਕਿੰਨੇ ਸਾਲ ਲੰਘਾ ਦਿੱਤੇ, ਅਖੀਂਰ ਇੱਕ ਅਜਿਹਾ ਸਮਾਂ ਵੀ ਆਉਂਦਾ ਹੈ, ਜਦੋਂ ਸਾਡੀ ਰੂਹ, ਆਪਣੇ ਦੋਸਤਾਂ ਤੋਂ ਇਲਾਵਾ ਵੀ ਇੱਕ ਹਾਣੀ ਟੋਲਣ ਲੱਗਦੀ ਐ,

www.PunjabiLibrary.com Webtopdfconverter.com

ਉਹ ਇੱਕ ਅਪ੍ਰੈਲ ਦਾ ਦਿਨ ਸੀ। ਤੇ ਦਸਵੀਂ ਜਮਾਤ ਦਾ ਪਹਿਲਾ, ਸਾਡੀ ਜਮਾਤ ਵਿਚ ਇੱਕ ਠੀਕ ਠਾਕ ਜਿਹੇ ਕੱਦ ਦਾ,ਫੁੱਟਦੀ ਜਿਹੀ ਮੁੱਛ , ਚਿਹਰੇ ਤੇ ਮਾਸੂਮੀਅਤ ਤੇ ਸਾਊ ਪਣ ਤੇ ਵਲਾਂ ਜਿਹੀ ਭਰਮੀ ਜਿਹੀ ਪੱਗ ਵਾਲਾ,ਸੁਖਨੂਰ ਨਾਂ ਦਾ ਮੁੰਡਾ ਸਾਡੀ ਜਮਾਤ ਵਿਚ ਦਾਖ਼ਲ ਹੋਇਆ,ਉਹ ਜਮਾਤ ਵਿਚ ਜ਼ਿਆਦਾਤਰ ਖਾਮੋਸ਼ ਹੀ ਰਹਿੰਦਾ, ਬਸ ਉਦੋਂ ਬੋਲਦਾ ਜਦ ਕੋਈ ਹੱਲ ਨਹੀਂ ਸੀ ਹੁੰਦਾ, ਬੇਸ਼ੱਕ ਉਹ ਜਮਾਤ ਵਿਚ ਸਭ ਤੋਂ ਅਖੀਰ ਵਾਲੇ ਬੈਂਚ ਉੱਪਰ ਬੈਠਦਾ,ਪਰ ਪੜ੍ਹਾਈ ਵਿੱਚ ਉਹ ਮੇਰੇ ਤੋਂ ਵੀ ਹੁਸ਼ਿਆਰ ਸੀ, ਲੱਗਪਗ ਸਾਰੇ ਹੀ ਅਧਿਆਪਕ ਸਾਰੇ ਮੁੰਡਿਆਂ ਵਿੱਚੋਂ ਉਸਦੀ ਸਿਫ਼ਤ ਕਰਦੇ,ਪਰ ਉਸ ਨੇ ਕਦੇ ਫੁਕਰੀ ਨਹੀਂ ਸੀ ਮਾਰੀ, ਮੈਨੂੰ ਉਸਦੀ ਇਹ ਗੱਲ ਬਹੁਤ ਹੀ ਚੰਗੀ ਲੱਗੀ।

ਉਸ ਨੂੰ ਜਮਾਤ ਵਿਚ ਵੀ ਸਾਰੇ ਮੁੰਡੇ ਤੇ ਅਧਿਆਪਕ ਇੱਕਲਾ ਸੁਖ ਕਹਿ ਕੇ ਹੀ ਬਲਾਉਂਦੇ, ਪਤਾ ਨਹੀਂ ਕਿਉਂ ਮੇਰੇ ਖਿਆਲ ਸਾਰਾ ਦਿਨ ਉਹਦੇ ਨਾਲ ਖਹਿੰਦੇ ਰਹਿੰਦੇ, ਪਰ ਇੱਕ ਉਹ ਸੀ, ਜੋ ਮੇਰੇ ਵੱਲ ਅੱਖ ਝਪਕ ਕੇ ਵੀ ਨਹੀਂ ਸੀ ਵੇਖਦਾ, ਮੈਂ ਰਾਤ ਨੂੰ  ਸਾਰੀ ਸਾਰੀ ਰਾਤ ਉਸ ਬਾਰੇ ਸੋਚਦੀ ਕੱਢ ਦੇਂਦੀ, ਮੈਨੂੰ ਉਹ ਆਪਣੀ ਜ਼ਿੰਦਗੀ ਦੇ ਕਿਸੇ ਹਿੱਸੇ ਵਾਂਗ ਲੱਗਦਾ ਸੀ, ਮੈਂ ਆਪਣੇ ਆਪ ਨਾਲ ਹਰ ਰੋਜ਼ ਵਾਦਾ ਕਰਦੀ, ਕਿ ਕੱਲ੍ਹ ਸਵੇਰੇ ਹੀ ਉਸ ਨੂੰ ਸਭ ਤੋਂ ਪਹਿਲਾਂ ਜਾ ਇਹ ਸਭ ਦੱਸ ਦੇਣਾ ਹੈ, ਪਰ ਜਦੋਂ ਹੀ ਸਕੂਲ ਵਿੱਚ ਪੈਰ ਧਰਦੀ ਤੇ ਸਾਹਮਣੇ ਸਾਡੀ ਜਮਾਤ ਦੀ ਗੇਟ ਨਾਲ ਇੱਕ ਪੈਰ ਕੰਧ ਨਾਲ ਲਾ ਖਲੋਏ, ਵੱਲ ਵੇਖਦੀ ਤਾਂ ਦਿਲ ਦੀ ਧੜਕਣ ਜ਼ੋਰ ਜ਼ੋਰ ਦੀ ਧੜਕਣ ਲੱਗਦੀ , ਅੱਜ ਨਹੀਂ ਕੱਲ੍ਹ , ਕੱਲ੍ਹ ਦਾ ਬਹਾਨਾ ਲਾ ਮੈਂ ਪੂਰੇ ਛੇ ਮਹੀਨੇ ਲੰਘਾ ਦਿੱਤੇ, ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ ਮੈਂ ਉਹਦੇ ਨਾਂ ਜਿਹਨਾਂ ਵਿਚ ਉਹਨੇ ਕਿਹਾ ਸੀ,ਕਿ ਇਹ ਮੈਨੂੰ ਬਹੁਤ ਪਸੰਦ ਆਈ, ਕਿਉਂਕਿ ਇਹ ਹੈ ਵੀ ਬਿਲਕੁਲ ਤੇਰੇ ਹੀ ਵਰਗੀ ਲਾਡੋ :---

ਚਿੱਤ ਤਾ ਕਰਦਾ, ਸਭ ਕੁਝ ਕਹਿ ਦਾ

ਜੋ ਵੀ ਦਿਲ ਵਿਚ ਮੇਰੇ ਆ
ਇਹ ਜੋ ਫਿਰਨ ਉਡਾਰੀ ਲਾਉਂਦੇ

ਇਹ ਖਿਆਲ ਵੀ ਸੱਜਣਾ ਤੇਰੇ ਆ
ਅੱਖ ਭਰਕੇ ਜੋ ਨਾ ਵੇਖੇ

ਉਹ ਗੱਲ ਹੈ ਦਿਲ ਨੂੰ ਛੋਹ ਜਾਂਦੀ
ਜੇ ਕਿਧਰੇ ਅੜਬ ਸੁਭਾਅ ਨਾ ਹੁੰਦਾ

ਮੈਂ ਕਦ ਦੀ ਉਹਦੀ ਹੋ ਜਾਂਦੀ
ਉਂਝ ਚੰਦਰਾ ਮਨ ਨੂੰ ਭਾਉਂਦਾ ਏ

ਜਦ ਘੂਰੀ ਵੱਟਦਾ ਲੋੜਾਂ (ਅੰਤ) ਦੀ
ਇੱਕ ਉਹਦੀ ਯਾਦ ਨਾ ਸੌਣ ਦੇਵੇ

ਮੈਨੂੰ ਫ਼ਿਕਰ ਨਹੀਂ ਆ ਹੋਰਾਂ ਦੀ
ਕਦੇ ਤਾਂ ਕਿਸੇ ਭੁਲੇਖੇ ਨਾਲ

ਖ਼ਬਰੇ ਮੇਰੀ ਉਹਦੀ ਗੱਲ ਹੋਵੇ
ਮੈਂ ਭੇਜਾਂ ਖ਼ਤ ਉਹਦੀ ਖ਼ਾਤਰ

ਕਦੇ ਉਹਦੇ ਵੱਲੋਂ ਵੀ ਘੱਲ ਹੋਵੇ
ਪਤਾ ਨਹੀਂ ਏ ਚੰਦਰਾ

Webtopdfconverter.com

ਕਦੇ ਸੂਰਜ ਵੀ ਦਿਨ ਰਾਤ ਕਰੂ
ਸੋ ਸੋਚਾਂ ਵਿਚ ਖਿਆਲਾਂ ਜੋ

ਕਦੇ ਸੂਰਜ ਵੀ ਧਰਤੀ ਨਾ ਬਾਤ ਕਰੂ

ਮੈਂ ਅਖੀਰ ਇੱਕ ਦਿਨ ਉਸ ਨੂੰ ਬੁਲਾ ਹੀ ਲਿਆ,ਉਹ ਜਮਾਤ ਵਿਚ ਇਕੱਲਾ ਹੀ ਬੈਠਾ ਸੀ, ਕਿਉਂਕਿ ਸਰਦੀ ਦੀਆਂ ਛੁੱਟੀਆਂ ਹੋਣ ਵਾਲੀਆਂ ਸੀ, ਤੇ ਸਾਰਿਆਂ ਨੇ ਆਪੋ ਆਪਣੇ ਘਰ ਨੂੰ ਵਾਪਸ ਜਾਣਾ ਸੀ, ਤੇ ਸਾਰਿਆਂ ਨੂੰ ਬਹੁਤ ਜ਼ਿਆਦਾ ਖੁਸ਼ੀ ਸੀ,ਕਿ ਅਸੀਂ ਘਰ ਵਾਪਿਸ ਜਾਵਾਂਗੇ... ਸਾਰੇ ਜਾਣੇ ਮੈਦਾਨ ਵਿਚ ਖੂਬ ਮਸਤੀ ਕਰ ਰਹੇ ਸਨ,ਪਰ ਉਹ ਜਮਾਤ ਵਿਚ ਆਖਰੀ ਬੈਂਚ ਤੇ ਬੈਠਾ ਕੁਛ ਪੜ ਰਿਹਾ ਸੀ। ਮੈਂ ਉਸ ਦੇ ਕੋਲ ਜਾ ਖਲੋ ਗਈ ਤੇ ਡਰਦੀ ਡਰਦੀ ਨੇ ਕਿਹਾ, ਕਿਵੇਂ ਆਂ ...ਸੁਖ

ਸੁਖ : ਮੈਂ ਵਧੀਆ, ਤੁਸੀਂ ਦੱਸੋ

ਮੈਂ : ਮੈਂ ਵੀ ਵਧੀਆ, ਤੁਸੀਂ ਮੈਦਾਨ ਵਿਚ ਖੇਡਣ ਨਹੀ ਗਏ

ਸੁਖ : ਨਹੀਂ ( ਇੱਕ ਡਾਇਰੀ ਬੰਦ ਕਰਦੇ ਨੇ ਕਿਹਾ, ਜੋ ਉਹ ਪੜ ਰਿਹਾ ਸੀ)

ਮੈਂ : ਇਹ ਡਾਇਰੀ ਤੁਸੀਂ ਲਿਖਦੇ ਹੋ

ਸੁਖ : ਨਹੀਂ ਇਹ ਮੇਰੀ ਅੰਮੀ ਦੀ ਆ

ਮੈਂ : ਤੁਹਾਡੇ ਅੰਮੀ ਜੀ ਲੇਖਕ ਨੇ

ਸੁਖ : ਨਹੀਂ ਉਹਨਾਂ ਨੂੰ ਲਿਖਣ ਦਾ ਸ਼ੌਕ ਸੀ

ਮੈਂ : ਤੁਹਾਨੂੰ ਪਤਾ... ਮੈਂ ਵੀ ਲਿਖਦੀ ਹਾਂ

www.PunjabiLibrary.com Webtopdfconverter.com

ਸੁਖ : ਸਾਰੇ ਆਖਦੇ ਨੇ , ਤੁਸੀਂ ਬਹੁਤ ਸੋਹਣਾ ਲਿਖਦੇ ਹੋ

ਮੈਂ : ਨਹੀਂ ਜੀ, ਬਸ ਐਵੇਂ ਇਹ ਚਾਰ ਸ਼ਬਦ ਲਿਖ ਲਈ ਦੇ ਨੇ, ਵੈਸੇ ਤੁਹਾਡੇ ਅੰਮੀ ਹੁਣ ਕਿੱਥੇ ਨੇ

ਸੁਖ : ਉਹ ਹੁਣ ਨਹੀਂ ਰਹੇ

ਮੈਂ : ਮਤਲਬ

ਸੁਖ : ਉਹਨਾਂ ਦੀ ਮੌਤ ਹੋ ਗਈ

ਮੈਂ : ਮਾਫ਼ੀ ... ਮੈਨੂੰ ਨਹੀਂ ਸੀ ਪਤਾ

ਸੁਖ : ਨਹੀਂ ਕੋਈ ਗੱਲ ਨਹੀਂ, ਮੇਰੇ ਪਿਤਾ ਜੀ ਵੀ ਨਹੀਂ ਹਨ

ਮੈਂ : ਇਹ ਬਹੁਤ ਬੁਰਾ ਹੋਇਆ , ਹੁਣ ਫੇਰ ਤੁਸੀਂ ਰਹਿੰਦੇ ਕਿਸ ਨਾਲ ਕੋਲ ਹੋ

ਸੁਖ : ਮੈਨੂੰ ਵੀ ਨਹੀਂ ਪਤਾ...

ਮੈਂ : ਮਤਲਬ...ਸਮਝੀ ਨਹੀਂ ਮੈਂ

ਸੁਖ : ਜਿਸ ਘਰ ਰਹਿ ਰਿਹਾਂ ਹਾਂ ਮੈਂ, ਮੈਨੂੰ ਨਹੀਂ ਪਤਾ ਉਹ ਮੇਰੇ ਕੀ ਲੱਗਦੇ ਨੇ , ਪਰ ਹਾਂ ਉਹ ਮੈਨੂੰ ਪਿਆਰ ਬਹੁਤ ਕਰਦੇ ਨੇ, ਪਰ ਮੈਂ ਨਹੀਂ ਕਰਦਾ

ਮੈਂ : ਕਿਉਂ ਫਿਰ ਤੁਸੀਂ ਕਿਉਂ ਨਹੀਂ ਕਰਦੇ

ਸੁਖ : ਛੁੱਟੀਆਂ ਤੋਂ ਬਾਅਦ ਦੱਸਾਂਗਾ

ਮੈਂ : ਕਿਉਂ ਹੁਣ ਨਹੀਂ ਦੱਸ ਸਕਦੇ

ਸੁਖ : ਨਹੀਂ

ਮੈਂ : ਕਿਉਂ

ਸੁਖ : ਮੈਂ ਕਹਿ ਦਿੱਤਾ ਨਾ, ਜੇ ਮੇਰਾ ਦਿਲ ਇੱਕ ਵਾਰ ਇਨਕਾਰ ਕਰ ਦੇਵੇ, ਫੇਰ ਇਹ ਮੇਰੀ ਵੀ ਨਹੀਂ ਸੁਣਦਾ, ਜਾਓ ਤੁਸੀਂ ਵੀ ਚਲੇ ਜਾਓ, ਮੈਦਾਨ ਵਿਚ ਮੌਜ ਮਸਤੀ ਕਰਨ

ਮੈਂ : ਕਿਉਂ ਤੁਸੀਂ ਨਹੀਂ ਜਾਂਦੇ

ਸੁਖ : ਨਹੀਂ

ਮੈਂ : ਕਿਉਂ ਖੇਡਣਾ ਵਧੀਆ ਨਹੀਂ ਲੱਗਦਾ

ਸੁਖ : ਨਹੀਂ ਵੱਸ ਜੀ ਨਹੀਂ ਕਰਦਾ

ਮੈਂ : ਕਿਉਂ , ਏਹੋ ਜਿਹਾ ਕੇਹੋਜਾ , ਜੀ ਆ ( ਹੱਸ ਕੇ )

ਸੁਖ : ਤੂੰ ਕੁਝ ਜ਼ਿਆਦਾ ਸਵਾਲ ਨਹੀਂ ਕਰ ਰਹੀ

ਮੈਂ : ਇਹ ਸਵਾਲ ਨਹੀਂ ਗੱਲਬਾਤ ਹੈ

ਸੁਖ : ਨਹੀਂ ਇਹ ਤੁਹਾਡੇ ਲਈ ਹੋਊ... ਗੱਲਬਾਤ

ਮੈਂ : ਜਿਵੇਂ ਮਰਜ਼ੀ ਸਮਝੋ

**www.PunjabiLibrary.com** Webtopdfconverter.com

ਸੁਖ : ਠੀਕ ਹੈ

ਮੈਂ : ਤੁਸੀਂ ਜ਼ਿਆਦਾ ਬੋਲਦੇ ਕਿਉਂ ਨਹੀਂ

ਸੁਖ : ਆਦਤ ਆ

ਮੈਂ : ਨਾ ਬੋਲਣ ਦੀ

ਸੁਖ : ਹਾਂ, ਵੈਸੇ ਜਦੋਂ ਲੋੜ ਹੁੰਦੀ ਆ ਬੋਲਦਾ ਵੀ ਹਾਂ

ਮੈਂ : ਠੀਕ ਹੈ

ਸੁਖ : ਜਾ ਤੂੰ ਚਲੀ ਜਾ, ਮੇਰਾ ਦਿਮਾਗ਼ ਨਾ ਖਾ ( ਗੁੱਸੇ ਨਾ )

ਮੈਂ : ਗੁੱਸਾ ਮੈਨੂੰ ਵੀ ਕਰਨਾ ਆਉਂਦਾ

ਸੁਖ : ਫੇਰ

ਮੈਂ : ਕੀ ਫੇਰ

ਸੁਖ : ਜਾ ਚਲੀ ਜਾ

ਮੈਂ : ਠੀਕ ਆ

ਮੈਂ ਚਲੀ ਆਈ, ਜਿਸ ਤਰ੍ਹਾਂ ਉਹ ਵੇਖਣ ਵਿਚ ਗੱਲ ਰਿਹਾ ਸੀ, ਉਦਾਂ ਦਾ ਤਾਂ ਉਹ ਬਿਲਕੁਲ ਵੀ ਨਹੀਂ ਸੀ, ਮੈਨੂੰ ਉਸ ਦਾ ਗੱਲ ਕਰਨ ਦਾ ਤਰੀਕਾ ਬੜਾ ਖ਼ਰਾਬ ਲੱਗਿਆ, ਮੇਰੇ ਅੰਦਰਲੀ ਤਪਸ਼ ਹੌਲੀ ਹੌਲੀ ਖਤਮ ਹੋਣ ਲੱਗੀ, ਛੁੱਟੀਆਂ ਵਿਚ


Webtopdfconverter.com

ਅਸੀਂ ਸਾਰੇ ਘਰ ਆ ਗਏ, ਇਹ ਛੁੱਟੀਆਂ  ਵੀ ਮੈਂ ਸਾਰੀਆਂ ਨਾਨਕੇ ਪਿੰਡ ਹੀ ਲੰਘਾਈਆਂ, ਆਪਣੇ ਪਿੰਡ ਨਾ ਗਈ, ਛੁੱਟੀਆਂ ਖਤਮ ਹੋਣ ਵਿੱਚ ਦੋ ਦਿਨ ਰਹਿੰਦੇ ਸਨ, ਸ਼ਾਮ ਦੇ ਸੱਤ ਵੱਜ ਗਏ ਸੀ, ਮਾਮਾ ਅਜੇ ਤੱਕ ਘਰ ਨਹੀਂ ਸੀ ਆਇਆ, ਨਾਨੀ ਫ਼ਿਕਰ ਕਰ ਰਹੀ ਸੀ, ਅਸੀਂ ਦੋਵੇਂ ਰੋਟੀ ਬਣਾ ਰਹੀਆਂ ਸਾਂ, ਬੂਹਾ ਖੜਕਿਆ ਏਦਾਂ ਲੱਗਿਆ,ਜਿਵੇਂ ਕੋਈ ਸ਼ਰਾਬੀ ਗੇਟ ਵਿਚ ਆ ਕੇ ਫਟਾਕ ਦਿਨੇਂ ਵੱਜਿਆ ਹੋਵੇ,ਨਾਨੀ ਨੇ ਹੱਥ ਵਾਲੀ ਰੋਟੀ ਛਾਬੇ ਚ ਧਰਦਿਆਂ ਕਿਹਾ, ਬੇ ਭਾਈ , ਮੁੰਡਾ ਤਾਂ ਹਾਲੇ ਆਇਆ ਨਹੀਂ ਆ ਫੇਰ ਆ ਜਾਵੀਂ, ਖੜਾਕ ਹੋਇਆ ਐਦਾਂ ਲੱਗਿਆ ਜਿਦਾਂ ਉਹ ਸ਼ਰਾਬੀ ਬੂਹਾ ਖੋਲ੍ਹ, ਕੋਲ ਵਾਲੇ ਦਰਵਾਜ਼ੇ ਦੇ ਵਿਚਲੀ ਪਸ਼ੂਆਂ ਵਾਲੀ ਖੁਰਲੀ ਨਾਲ ਜਾ ਵੱਜਿਆ, ਨਾਨੀ ਅੰਦਰਲੀ ਕਾਨਸਂ ( ਸ਼ੈਲਫ਼ ) ਤੋਂ ਦੀਵਾ ਚੁੱਕ ਵੇਖਣ ਚਲੀ ਗਈ, ਵੀ ਵੇਖਾਂ ਤਾਂ ਸਹੀ ਕੌਣ ਹੈ, ਜਦੋਂ ਵੇਖਿਆ ਤਾਂ ਨਾਨੀ ਦੀ ਭੁੱਬ ਨਿਕਲ ਗਈ, ਮੈਂ ਰੋਟੀਆਂ ਉਥੇ ਛੱਡ ਭੱਜ ਕੇ ਚਲੀ ਗਈ, ਤਾਂ ਵੇਖਿਆ ਲਹੂ ਨਾ ਸਿਰ ਭਿੱਜਿਆ ਹੋਇਆ ਸੀ, ਤੇ ਕੁੜਤਾ ਵੀ ਨੁੱਚੜ ਰਿਹਾ ਸੀ, ਉਹ ਕੋਈ ਹੋਰ ਨਹੀਂ ਮੇਰਾ ਮਾਮਾ ਹੀ ਸੀ, ਮੈਂ ਤੇ ਨਾਨੀ ਮਸਾਂ ਉਸਨੂੰ ਮੰਜੇ ਤੇ ਲੈ ਕੇ ਗਈਆਂ,ਉਸ ਵਿਚੋਂ ਸ਼ਰਾਬ ਦੀ ਹੜਬਾ ਮਾਰ ਰਹੀ ਸੀ, ਤੇ ਉਸ ਨੂੰ ਕੋਈ ਸੁੱਧ ਬੁੱਧ ਵੀ ਨਹੀਂ ਸੀ, ਨਾਨੀ ਭਾਨੇ ਕੇ ਭੰਤ ਨੂੰ ਜੋ ਕਿ ਡਾਕਟਰ ਸੀ, ਉਸ ਨੂੰ ਭੱਜ ਕੇ ਹਾਕ ਮਾਰਨ ਚਲੀ ਗਈ, ਮੈਨੂੰ ਇੱਕਲੀ ਨੂੰ ਬੜਾ ਹੀ ਡਰ ਲੱਗ ਰਿਹਾ ਸੀ, ਮੈਂ ਸੂਤੀ ਜਿਹੇ ਕੱਪੜੇ ਨਾਲ ਸਿਰ ਦੇ ਆਸਪਾਸ ਤੋਂ ਲਹੂ ਨੂੰ ਸਾਫ਼ ਕੀਤਾ, ਐਨੇ ਵਿਚ ਭੰਤ ਡਾਕਟਰ ਮਾਮਾ ਵੀ ਆ ਗਿਆ, ਉਸਨੇ ਸਾਰੇ ਸਿਰ ਨੂੰ ਸਾਫ਼ ਕੀਤਾ, ਤੇ ਪੱਟੀ ਕਰੀਂ ਤੇ ਦੱਸਿਆ ਕਿ ਡਰ ਵਾਲ਼ੀ ਕੋਈ ਗੱਲ ਨਹੀਂ ਆ, ਛੋਟੀ ਜਿਹੀ ਹੀ ਸੱਟ ਲੱਗੀ ਹੈ, ਬਾਕੀ ਹੋਸ਼ ਆਉਣ ਤੇ ਪਤਾ ਲੱਗੇਗਾ,ਨਾਨੀ ਨੇ ਰੋ ਰੋ ਕੇ ਬੁਰਾ ਹਾਲ ਕਰ ਲਿਆ ਸੀ,ਤੇ ਨਾਨੀ ਉਹ ਸਾਰੀ ਰਾਤ ਨਾ ਸੁੱਤੀ , ਸਵੇਰੇ ਦੇ ਦੱਸ ਵੱਜ ਗਏ, ਮੈਂ ਨਾਨੀ ਨਾਲ ਲੱਗ ਸਾਰਾ ਕੰਮ ਨਿਬੜਾ ਦਿੱਤਾ,ਮਾਮੇ ਨੇ ਹਾਕ ਮਾਰੀ ਬੇਬੇ, ਨਾਨੀ ਭੱਜ ਕੇ ਗਈ ਆਈ ਪੁੱਤ, ਮੈਂ ਵੀ ਨਾਨੀ ਦੇ ਮਗਰ ਹੀ ਚਲੀ ਗਈ, ਨਾਨੀ ਨੇ ਕੋਲ ਪਈ ਮੱਟੀ ਚੋਂ ਪਾਣੀ ਦਾ ਗਲਾਸ ਭਰ ਕੇ ਦਿਤਾ, ਤੇ ਹੱਥਾਂ ਦਾ ਸਹਾਰਾ ਦੇਂਦਿਆਂ

Webtopdfconverter.com

ਕਿਹਾ, ਲੈ ਪੁੱਤ ਕੰਧ ਦਾ ਸਹਾਰਾ ਲਾ ਬੈਠਾ ਹੋ ਜਾ, ਨਾਨੀ ਨੇ ਫੇਰ ਸਾਰੀ ਗੱਲ ਬਾਤ ਪੁੱਛੀ ਕਿ ਪੁੱਤ ਰਾਤ ਕੀ ਗੱਲ ਹੋਈ ਸੀ, ਜੋ ਤੇਰੀ ਇਹ ਹਾਲਤ ਬਣੀ, ਨਾਲ਼ੇ ਪੁੱਤਰਾ ਤੂੰ ਤਾਂ ਕਹਿੰਦਾ ਹੁੰਦਾ ਸੀ,ਕਿ ਬੇਬੇ ਬਾਪੂ ਦੀ ਸ਼ਰਾਬ ਨੇ ਤੇਰੇ ਸਾਰੇ ਚਾਅ ਰੋਲ ਦਿੱਤੇ ਸੀ, ਹੁਣ ਉਹ ਸਾਰੇ ਚਾਅ ਮੈਂ ਪੂਰੇ ਕਰੂਗਾ, ਫੇਰ ਤੂੰ ਆਪ ਹੀ ਪੁੱਤ ਸ਼ਰਾਬ ਨਾਲ ਨਹਾਇਆ ਆਇਆ ਸੀ, ਫੇਰ ਮਾਮੇ ਨੇ ਸਾਰੀ ਗੱਲ ਦੱਸੀ ਕਿ ਬੇਬੇ ਮੈਂ ਜਿੱਥੇ ਕੰਮ ਕਰਦਾ ਸੀ, ਉੱਥੋਂ ਦੇ ਵੱਡੇ ਮੁਲਾਜ਼ਮ ਨੇ ਮੈਨੂੰ ਗਾਲ਼ ਦੇ ਦਿੱਤੀ ਤੇ ਮੈਂ ਇਕ ਵਾਰ ਉਸ ਨੂੰ ਕਿਹਾ ਕਿ ਉਹ ਜ਼ੁਬਾਨ ਸੰਭਾਲ ਕੇ ਗੱਲ ਕਰੇ, ਪਰ ਦੂਸਰੀ ਵਾਰ ਉਸਨੇ ਫੇਰ ਗਾਲ਼ ਕੱਢੀ, ਫੇਰ ਬੇਬੇ ਮੇਰੇ ਤੋਂ ਰਿਹਾ ਨਾ ਗਿਆ, ਮੈਂ ਉਸਦੇ ਚਾਰ ਪੰਜ ਕੰਨ ਤੇ ਲਗਾ ਦਿੱਤੇ, ਤੇ ਉਸਨੇ ਕੁਝ ਬੰਦਿਆਂ ਨੂੰ ਬੁਲਾ, ਮੇਰਾ ਇਹ ਹਾਲ ਕਰਵਾ ਦਿੱਤਾ, ਤੇ ਮੇਰੇ ਉੱਪਰ ਸ਼ਰਾਬ ਦੀ ਬੋਤਲ ਡੋਲ ਦਿੱਤੀ ਕਿ ਕਿਸੇ ਨੂੰ ਸ਼ੱਕ ਨਾ ਹੋਵੇ ਕਿ ਇਸ ਨੂੰ ਕਿਸੇ ਨੇ ਕੁੱਟਿਆ ਹੈ ਜਾਂ ਇਸ ਦੀ ਹਾਲਤ ਸ਼ਰਾਬ ਜਿਆਦਾ ਪੀਣ ਕਰਕੇ ਹੋਈ ਹੈ, ਉਹ ਤਾਂ ਬੇਬੇ ਇੱਕ ਮੁੰਡਾ ਰਸਤੇ ਵਿਚ ਮਿਲ਼ ਗਿਆ, ਉਹ ਮੈਨੂੰ ਆਪਣੇ ਪਿੰਡ ਉਤਾਰ ਗਿਆ, ਨਹੀਂ ਪਤਾ ਨਹੀਂ ਮੈਂ ਬੱਚਣਾ ਸੀ ਜਾ ਨਹੀਂ, ਨਾਨੀ ਨੇ ਸਖ਼ਤ ਜਿਹਾ ਦਿਲ ਕਰਕੇ ਕਿਹਾ, ਕੋਈ ਗੱਲ ਨਹੀਂ ਪੁੱਤ ਮੈਂ ਤੇਰੇ ਨਾਲ ਆ, ਉਸ ਦੀ ਗ਼ਲਤੀ ਦੀ ਸਜ਼ਾ ਤਾਂ ਹੁਣ ਉਸਨੂੰ ਭੁਗਤਨੀ ਹੀ ਪਵੇਗੀ,ਨਾਨੀ ਵੱਲੋਂ ਲਿਆ ਇਹ ਫੈਸਲਾ ਸਾਰੇ ਘਰ ਨੂੰ ਲੈ ਬੈਠਾ, ਤੇ ਮੇਰੇ ਸੁਪਨੇ ,

ਮੇਰੇ ਮਾਮੇ ਨੇ ਉਸ ਉੱਪਰ ਕੇਸ ਕਰ ਦਿੱਤਾ ਮਤਲਬ ਪਰਚਾ ਦਰਜ ਕਰਵਾ ਦਿੱਤਾ,ਪਰ ਉਹ ਆਦਮੀ ਪੈਸੇ ਵਾਲਾ ਆਦਮੀ ਸੀ, ਉਸਨੇ ਜੱਜ ਨੂੰ ਖ਼ਰੀਦ ਲਿਆ ਤੇ ਉਲ਼ਟਾ ਮੇਰੇ ਮਾਮੇ ਨੂੰ ਸਜ਼ਾ ਦਵਾ ਦਿੱਤੀ, ਮੇਰੇ ਮਾਮੇ ਨੂੰ ਦੱਸ ਸਾਲ ਦੀ ਸਜ਼ਾ ਸੁਣਾ ਦਿੱਤੀ,ਨਾਨੀ ਨੇ ਬਹੁਤ ਹੱਥ ਪੈਰ ਮਾਰੇ , ਪਰ ਉਹ ਮਾਮੇ ਨੂੰ ਬਾਹਿਰ ਨਾ ਕਢਾ ਸਕੀ, ਸਗੋਂ ਆਪਣੀ ਪੈਲੀ ਵੀ ਵੇਚਣੀ ਪੈ ਗਈ, ਮੈਨੂੰ ਦਸਵੀਂ ਜਮਾਤ ਤੋਂ ਬਾਅਦ ਨਾਨੀ ਨੇ ਪਿੰਡ ਬੁਲਾ ਲਿਆ, ਤੇ ਮੈਨੂੰ ਪਤਾ ਹੀ ਨਹੀਂ ਲੱਗਾ, ਕਦੋਂ ਕਲਮਾਂ ਨੂੰ ਹੱਥ ਚ ਫ਼ੜਨ ਵਾਲੇ ਹੱਥ, ਪੂਨੀਆ ਕੱਤਣ ਦੇ ਆਦੀ ਹੋ ਗਏ, ਨਾਨੀ ਨੇ

Webtopdfconverter.com

ਜੋਧਪੁਰ ਤੋਂ ਖਾਸ ਮੇਰੇ ਲਈ ਨਵਾਂ ਚਰਖਾ ਮੰਗਵਾ ਦਿੱਤਾ, ਪਹਿਲਾਂ ਤਾਂ ਨਵੇਂ ਚਰਖੇ ਦੇ ਚਾਅ ਵਿਚ ਮੈਂ ਕੱਤਣ ਸਿੱਖ ਗਈ, ਬਸ ਫੇਰ ਢਿੱਡ ਨੂੰ ਭਰਨ ਲਈ, ਮਜਬੂਰੀ ਬਣ ਗਈ, ਮੈਂ ਤੇ ਨਾਨੀ ਨੇ ਲਗਾਤਾਰ ਸੱਤ ਸਾਲ ਲੋਕਾਂ ਦੀਆਂ ਕਪਾਹਾਂ ਕੱਤੀਆਂ, ਤਾਣੀਆਂ ਬੁਣੀਆਂ,ਨੇ ਨਰਮੇ, ਕਪਾਹਾਂ ਚੁੱਕੀਆਂ ਤੇ ਕਣਕਾਂ ਵੀ ਵੱਢੀਆਂ ...

ਮੈਨੂੰ ਪਤਾ ਹੀ ਨਹੀਂ ਲੱਗਾ, ਕਦੋਂ ਲੋਕਾਂ ਦਾ ਸੂਤ ਕੱਤਦੀ ਕੱਤਦੀ ਮੈਂ ਆਪਣੇ ਦਾਜ ਦਾ ਸੂਤ ਕੱਤ ਬੈਠੀ, ਸੁਖ ਨਾਲ ਪੱਚੀਆਂ ਦੇ ਨੇੜ ਹੋ ਗਈ ਸੀ,ਆਸੇ ਪਾਸੇ ਦੀਆਂ ਸਾਰੀਆਂ ਗੁਆਂਢਣਾਂ,ਮੇਰੀ ਨਾਨੀ ਦੇ ਦਿਨ ਰਾਤ ਕੰਨ ਭਰਦੀਆਂ ਕਿ ਕੁੜੀ ਕੋਠੇ ਜਿੱਡੀ ਹੋ ਗਈ ਹੈ, ਹੁਣ ਇਸ  ਨੂੰ ਵਿਆਹ ਦੇਵੋ, ਨਾਲ਼ੇ ਅੱਜ ਦਾ ਜ਼ਮਾਨਾ ਤਾਂ ਟੁੱਟ ਪੈਣਾਂ, ਅੱਗ ਲਾਊ ਹੈ, ਪਿੱਛੋਂ ਇੱਕਲਾ ਪਿਛਤਾਵਾ ਹੀ ਰਹਿ ਜਾਂਦਾ ਹੈ, ਫੇਰ ਉਹ ਆਸੇ ਪਾਸੇ ਦੇ ਕਿਸੇ ਪਿੰਡ ਦੀ ਗੱਲ ਦੱਸਦੀਆਂ ਕਿ ਫਲਾਣੇ ਪਿੰਡ ਫਲਾਣਿਆ ਦੀ ਕੁੜੀ, ਫਲਾਣੇ ਪਿੰਡ ਦੇ ਫਲਾਣਿਆਂ ਦੇ ਮੁੰਡੇ ਨਾਲ ਭੱਜ ਗਈ, ਨਾਨੀ ਵੱਡਾ ਜਿਹਾ ਸਾਹ ਲੈਂਦੀ ਤੇ ਆਖਦੀ ਨਹੀਂ ਸਾਡੀ ਲਾਡੋ ਏਹੋ ਜਿਹੀ ਨਹੀਂ ਆ, ਮੈਂ ਉਸਨੂੰ ਆਪਣੀ ਦੂਜੀ ਧੀ ਮੰਨ ਕੇ ਪਾਲਿਆ ਹੈ, ਮੈਨੂੰ ਮੇਰੀ ਨਾਨੀ ਉਦੋਂ ਮੇਰੀ ਦੂਸਰੀ ਮਾਂ ਲੱਗਦੀ, ਨਾਲ਼ੇ ਨਾਨੀ ਨੇ ਦੱਸਿਆ ਸੀ ਕਿ ਤੇਰੇ ਪਿਓ ਨੇ ਤੇਰੀਆਂ ਭੈਣਾਂ ਤਾਂ ਕਦੋਂ ਦੀਆਂ ਵਿਆਹ ਦਿੱਤੀਆਂ, ਮੇਰੇ ਪਿਓ ਨੇ ਮੇਰੀ ਨਾਨੀ ਨੂੰ ਕੁਝ ਆਖ ਦਿੱਤਾ ਸੀ , ਜਿਸ ਕਰਕੇ ਮੇਰੀ ਨਾਨੀ ਮੁੜ ਸਾਡੇ ਕਦੀਂ ਪਿੰਡ ਨਹੀਂ ਗਈ ਤੇ ਫੇਰ ਨਾ ਹੀ ਕਦੀਂ ਮੈਂ ਗਈ।ਨੇ ਨਾਂ ਹੀ ਮੇਰੇ ਘਰਦਿਆਂ ਨੇ ਸਾਨੂੰ ਵਿਆਹ ਤੇ ਬੁਲਾਇਆ।

ਮੇਰਾ ਕਦੇ ਕਦੇ ਮੇਰੀ ਮਾਂ  ਨੂੰ ਮਿਲਣ ਦਾ ਜੀ ਕਰਦਾ , ਪਰ ਫੇਰ ਸਕੂਲ ਸਮੇਂ ਲਿਖੀ ਡਾਇਰੀ ਨੂੰ ਖੋਲ ਕੇ ਸਭ ਕੁਝ ਨਿੱਕਾ ਲੱਗਣ ਲੱਗਦਾ, ਉਹਦੇ ਵਿਚ ਲਿਖੀਆਂ ਕਵਿਤਾਵਾਂ ਮੈਨੂੰ ਮੇਰਾ ਵਜੂਦ ਪੁੱਛਦੀਆਂ, ਮੈਨੂੰ ਮੇਰਾ ਚਾਅ ਪੁੱਛਦੀਆਂ, ਮੈਨੂੰ ਮੇਰੀਆਂ ਰੀਝਾਂ ਪੁੱਛਦੀਆਂ... ਮੇਰੀ ਅੱਖ ਭਰ ਆਉਂਦੀ, ਮੈਨੂੰ ਅੱਜ ਵੀ ਯਾਦ ਆ ਉਹ ਸਤਰਾਂ ਮੂੰਹ ਜਵਾਨੀ, ਜਦੋਂ ਸੁਖ ਨੇ ਪਹਿਲੀ ਤੇ ਆਖਰੀ ਵਾਰ ਗ਼ਲਤੀ

Webtopdfconverter.com

ਨਾ ਮੇਰਾ ਹੱਥ ਫੜ ਲਿਆ ਸੀ।ਉਹ ਸਤਰਾਂ....

ਇੱਕ ਸੁਪਨਾ ਸੱਚ ਹੋ ਗਿਆ

ਜਦ ਹੱਥ ਦੇ ਉੱਤੇ ਹੱਥ ਧਰਿਆ
ਮੈਨੂੰ ਗੂੜ੍ਹਾ ਗੂੜ੍ਹਾ ਲੱਗਦਾ ਸੀ

ਜਦ ਉਹਦੀ ਅੱਖ ਚ ਮੇਰਾ ਨਾਂ ਪੜਿਆ
ਫ਼ੁੱਲਾਂ ਦੇ ਚਿਹਰੇ ਤੇ ਵੀ ਹਾਸੇ ਆ ਗਏ

ਕਹਿੰਦੇ ਗਮ ਨਹੀਂ ਹੈ, ਟੁੱਟਣੇ ਦਾ
ਜੰਨਤ ਵਰਗਾ ਸਕੂਨ ਮਿਲਣਾ

ਹੁਣ ਜਿੰਦੜੀ ਉਹਦੇ ਨਾਲ ਮੁੱਕਣੇ ਦਾ
ਰੱਬ ਹੈ,ਸੱਬ ਹੈ,ਇਬਾਦਤ ਵੀ ਕਰੂੰ

ਤੋਂ ਬਤਾਓ ਕਰੂੰ ਕਿਸ ਕੇ ਲੀਏ
ਬੋ ਖਵਾਇਸ਼ ਹੀ ਪੂਰੀ ਹੈ

ਮੈਂ ਬੇਤਾਬ ਥੀ ਜਿਸ ਕੇ ਲੀਏ
ਹਵਾਵਾਂ ਵੀ ਰੁੱਖੀਆਂ ਤੋਂ ਸੋਹਲ ਹੋ ਗਈਆਂ

ਮਹਿਕਾਂ ਜੋ ਸੱਜਣਾ ਦੇ ਕੋਲ ਹੋ ਗਈਆਂ
ਛੂਮਰ ਤੇ ਸਿੱਗੀ, ਕੋਕਾ ਤੇ ਛਾਂਜਰ

Webtopdfconverter.com

ਤੋਹਫ਼ੇ ਵਿਚ ਦੇਣ ਲਈ ਬੋਲ ਹੋ ਗਈਆਂ

ਮਿੱਠਾ ਮਿੱਠਾ ਹੱਸਣਾ ਉਹਦਾ

ਸੱਚੀਂ ਨਿਕਲੇ ਨਾ ਖਿਆਲਾਂ ਚੋਂ

ਹੋਈ ਪੂਰੀ ਉਹੋ ਰੀਝ ਸਾਡੀ

ਜੋ ਅਧੂਰੀ ਸੀ ਸਾਲਾਂ ਤੋਂ

ਐਨੇ ਵਿਚ ਨਾਨੀ ਨੇ ਹਾਕ ਮਾਰ ਦੇਣੀ,ਬਸ ਫੇਰ ਪਤਾ ਹੀ ਨਹੀਂ ਲੱਗਿਆ, ਕਦੋਂ ਇਹ ਸਭ ਆਦਮ ਵੀ ਮੁੱਕ ਚਲੀ, ਇੱਕ ਦਿਨ ਨਾਨੀ ਦੀ ਭੈਣ ਆਈ, ਨਾਲ ਉਸਦੀ ਨੂੰਹ ਸੀ, ਪਹਿਲੀ ਵਾਰ ਆਈ ਸੀ, ਪਹਿਲਾਂ ਤਾਂ ਕਦੇ ਨਾਨੀ ਦੇ ਮੂੰਹੋ ਵੀ ਗੱਲ ਨਹੀਂ ਸੀ ਸੁਣੀ, ਉਸਨੇ ਨਾਨੀ ਨਾਲ , ਆਪਣੀ ਨੂੰਹ ਦੇ ਭਰਾ ਨਾਲ ਮੇਰਾ ਰਿਸ਼ਤਾ ਕਰਨ ਦੀ ਗੱਲ ਤੋਰ ਲਈ ਤੇ ਕਹਿ ਦਿੱਤਾ ਕਿ ਇੱਕ ਰੁਪਏ ਦੀ ਵੀ ਮੰਗ ਨਹੀਂ ਹੈ, ਬਸ ਕੁੜੀ ਸਿਆਣੀ ਹੋਣੀ ਚਾਹਿਦੀ ਹੈ,ਪਰ ਹਾਂ ਮੁੰਡਾ ਦੋ ਜਮਾਤਾਂ ਹੀ ਪੜਿਆ ਹੈ, ਪਰ ਕੰਮ ਬਹੁਤ ਕਰਦਾ ਹੈ,ਬਸ ਨਾਨੀ ਨੂੰ ਘੱਟ ਖਰਚੇ ਵਾਲ਼ੀ ਗੱਲ ਜੱਚ ਗਈ ਤੇ ਉਸਨੇ ਪੰਦਰਾਂ ਦਿਨਾਂ ਵਿਚ ਹੀ ਮੇਰਾ ਮੁਕਲਾਵਾ ਤੋਰ ਦਿੱਤਾ...

ਹੌਲ਼ੀ ਹੌਲ਼ੀ ਸੱਚ ਸਾਹਮਣੇ ਆਉਣਾ ਸ਼ੁਰੂ ਹੋਇਆ, ਉਹ ਕੋਈ ਦੋ ਜਮਾਤਾਂ ਨਹੀਂ ਸੀ ਪੜਿਆ, ਜਮਾਂ ਅਣਪੜ ਸੀ, ਤੇ ਨਾਂ ਹੀ ਕੋਈ ਕੰਮ ਕਾਜ ਕਰਦਾ ਸੀ ਸਾਰਾ ਦਿਨ ਵੇਹਲਾ ਸੱਥ ਵਿਚ ਗੱਪਾਂ ਮਾਰ ਕੇ ਮੁੜ ਆਉਂਦਾ ਤੇ ਸ਼ਾਮ ਹੁੰਦਿਆਂ ਹੀ ਸ਼ਰਾਬ ਪੀ ਲੈਂਦਾ, ਮੇਰੀਆਂ ਰੀਝਾਂ ਤਾਂ ਉਸੇ ਦਿਨ ਹੀ ਮਰ ਗਈਆਂਂ ਸੀ, ਜਿਸ ਦਿਨ ਨਾਨੀ ਨੇ ਪੜ੍ਹਾਈ ਨੂੰ ਹੀ ਅਧੂਰਾ ਹੀ ਛੱਡਾ ਦਿੱਤਾ ਸੀ,ਬਾਕੀ ਜੋ ਚਾਅ ਰਹਿੰਦੇ ਸੀ, ਉਹ ਮੇਰੀ ਸੱਸ ਨੇ ਮਾਰ ਮੁਕਾਏ ਤੇ ਇੱਕ ਦੋ ਮਹੀਨੇ ਬਾਅਦ ਹੀ ਮੇਰੇ ਘਰਵਾਲੇ ਨੇ ਸ਼ਰਾਬ ਪੀਣ ਕੇ ਕੁੱਟਣਾ ਸ਼ੁਰੂ ਕਰ ਦਿੱਤਾ, ਕਦੇ ਕਦੇ ਜੀ ਕਰਦਾ ਸੀ, ਸਭ ਛੱਡ ਕੇ

Webtopdfconverter.com

ਕਿਤੇ ਦੂਰ ਚਲੀ ਜਾਵੀਂ,ਪਰ ਫੇਰ ਖ਼ਿਆਲ ਆਉਂਦਾ ਜਾਵਾਂਗੀ ਵੀ ਕਿੱਥੇ, ਫੇਰ ਸੋਚਦੀ ਕਿਉਂ ਨਾ ਮਰ ਮੁੱਕ ਜਾਵਾਂ ,ਪਰ ਫੇਰ ਮੈਨੂੰ ਮੇਰੀ ਮਾਂ ਦੀ ਯਾਦ ਆਉਂਦੀ ਜੋ। ਸਵੇਰੇ ਫੇਰ ਚਾਰ ਵਜੇ ਚੁੱਲ੍ਹੇ ਚ ਅੱਗ ਮਚਾਉਣ ਲਈ ਮਜਬੂਰ ਕਰ ਦੇਂਦੀ,ਬਸ ਇਸੇ ਤਰ੍ਹਾਂ ਦਿਨ ਲੰਘਣੇ ਸ਼ੁਰੂ ਹੋਏ, ਤੇ ਮਹੀਨੇ ਤੇ ਫੇਰ ਸਾਲ, ਕਰੀਬ ਪੰਜ ਸਾਲ ਬਾਅਦ ਮੇਰੀ ਕੁੱਖੋਂ ਤੋਂ ਬੇਟੀਆਂ ਨੇ ਜਨਮ ਲਿਆ,

ਜਿਸਨੇ ਮੇਰੀ ਜਿੰਦਗੀ ਨੂੰ ਇੱਕ ਨਵੇਂ ਮੋੜ ਤੇ ਲਿਆ ਖੜ੍ਹਾ ਕਰ ਦਿੱਤਾ, ਮੇਰੇ ਘਰਵਾਲੇ ਨੇ ਮੈਨੂੰ ਕੁੱਟ ਕੁੱਟ ਕੇ ਘਰ ਤੋਂ ਬਹਿਰ ਕੱਢ ਦਿੱਤਾ ਤੇ ਮੇਰੀ ਸੱਸ ਨੇ ਮੇਰੇ ਘਰਵਾਲੇ ਨੂੰ ਵਾਰ ਵਾਰ ਆਖ ਕੇ, ਮੇਰਾ ਉਸ ਨਾਲ ਤਲਾਕ ਕਰਵਾ ਦਿੱਤਾ, ਮੈਂ ਆਪਣੇ ਨਾਨਕੇ ਪਿੰਡ ਜਾਂ ਆਪਣੇ ਪਿੰਡ ਵਾਪਿਸ ਨਹੀਂ ਸੀ, ਜਾਣਾ ਚਾਹੁੰਦੀ, ਕਿਉਂਕਿ ਮੈਂ ਕਿਸੇ ਦੇ ਸਿਰ ਤੇ ਬੋਝ ਬਣਕੇ ਨਹੀਂ ਸੀ ਰਹਿਣਾ ਚਾਹੁੰਦੀ, ਮੈਂ ਜਦੋਂ ਆਪਣੇ ਸੋਹਰੇ ਪਿੰਡ ਤੋਂ ਕੁੱਛੜ ਚੁੱਕੀ ਦੋਵਾਂ ਧੀਆਂ ਨੂੰ ਲਜਾ ਰਹੀ ਸੀ ਤਾਂ ਬਾਹਿਰ ਵੱਡੀ ਸੜਕ ਤੇ ਇੱਕ ਪੰਜਾਬੀ ਸਰਦਾਰ ਜਿਹੇ ਮੁੰਡੇ ਨੇ ਮੇਰੇ ਕੋਲ ਆ ਗੱਡੀ ਰੋਕ ਲਈ, ਉਸ ਵਿਚ ਇੱਕ ਔਰਤ ਵੀ ਸੀ, ਜੋ ਵੇਖਣ ਤੋਂ ਉਸਦੀ ਘਰਵਾਲੀ ਲੱਗ ਰਹੀ ਸੀ, ਉਹਨਾਂ ਨੇ ਮੇਰੇ ਤੋਂ ਪੁੱਛਿਆ ਕਿ ਤੁਸੀਂ ਕਿੱਥੇ ਜਾਣਾ ਹੈ, ਮੈਂ ਕਿਹਾ ਕਿ ਮੈਂ ਅਗਲੇ ਸ਼ਹਿਰ ਜਾਣਾ ਹੈ, ਉਹਨਾਂ ਨੇ ਮੈਨੂੰ ਗੱਡੀ ਵਿੱਚ ਬਿਠਾ ਲਿਆ, ਰਸਤੇ ਵਿਚ ਗੱਲਬਾਤ ਚਲੀ ਤਾਂ ਉਸ ਸਰਦਾਰ ਨੇ ਦੱਸਿਆ ਕਿ ਮੇਰਾ ਨਾਂ ਸੁਖਨੂਰ ਤੇ ਮੈਂ ਆਪਣਾ ਇੱਕ ਅਖ਼ਬਾਰ ਚਲਾ ਰਿਹਾਂ ਹਾਂ, ਜਦੋਂ ਮੈਂ ਆਪਣਾ ਨਾਂ ਉਸਨੂੰ ਦੱਸਿਆ ਤਾਂ ਕਿ ਮੇਰਾ ਨਾਂ ਲਾਡੋ ਹੈ, ਸੁਖ ਨੂੰ ਝੱਟ ਯਾਦ ਆ ਗਿਆ, ਕਿ ਮੈਂ ਉਹੀ ਲਾਡੋ ਆ ਜੋ ਦਸਵੀਂ ਕਲਾਸ ਵਿੱਚ ਉਸਦੇ ਨਾਲ ਪੜਦੀ ਸੀ।

ਸੁਖ : ਲਾਡੋ ਤੂੰ ਏਥੇ ਕਿਵੇਂ,ਇਹ ਹਾਲਾਤ ...???, ਤੂੰ ਤਾਂ ਇੱਕ ਕਿੰਨੀ ਸੋਹਣੀ ਲੇਖਕ ਸੀ।

ਮੈਂ : ਹਾਲਾਤ ਇਨਸਾਨ ਨੂੰ ਉਹ ਮੋੜ ਤੇ ਲਿਆ,ਖੜਾ ਕਰ ਦੇਂਦੇ ਨੇ, ਜਿਹੜੇ ਉਹਦੇ ਹੱਥ ਦੀਆਂ ਲਕੀਰਾਂ ਵਿਚ ਵੀ ਨਹੀਂ ਹੁੰਦੇ, ਮੈਂ ਸਾਰੀ ਗੱਲ ਸੁਖ ਨੂੰ ਦੱਸੀ। ਉਸਨੇ

ਕਹਾ ਕਿ ਉਹ ਸਾਡੇ ਘਰ ਰਹਿ ਸਕਦੀ ਹੈ, ਉਸਦੀ ਘਰਵਾਲੀ ਨੇ ਵੀ ਹਾਮੀਂ ਭਰੀ,ਪਰ ਮੈਂ ਸਾਫ਼ ਮਨਾਂ ਕਰ ਦਿੱਤਾ,ਤੇ ਸੁਖ ਨੂੰ ਕਿਹਾ ਕਿ ਜੇ ਹੋ ਸਕਦਾ ਹੈ ਤਾਂ ਉਹ ਮੈਨੂੰ ਇੱਕ ਵਧੀਆ ਜਿਹਾ ਕੰਮ ਲੱਭਣ ਵਿੱਚ ਮੱਦਦ ਕਰੇ, ਜਿਸਨਾਲ ਮੈਂ ਆਪਣੀਆਂ ਬੱਚੀਆਂ ਦਾ ਭਵਿੱਖ ਸਵਾਰ ਸਕਾਂ ਤੇ ਨਾਲ ਹੀ ਕੋਈ ਮਕਾਨ ਲੱਭ ਦੇਵੇਂ, ਜਿਸ ਵਿਚ ਮੈਂ ਇੱਕਲੀ ਰਹਿ ਸਕਾਂ, ਕਿਉਂਕਿ ਇਹ ਮੇਰੀ ਜਿੰਦਗੀ ਹੈ, ਇਹ ਕੋਈ ਇੱਕ ਦੋ ਦਿਨ ਦਾ ਖੇਡ ਨਹੀਂ ,ਜੋ ਕੁਝ ਪਲ ਬਾਅਦ ਖਤਮ ਹੋ ਜਾਵੇਗਾ, ਸੁਖ ਨੇ ਮੈਨੂੰ ਆਪਣੇ ਅਖ਼ਬਾਰ ਵਿਚ ਹੀ ਕੰਮ ਕਰਨ ਲਗਾ ਲਿਆ, ਜਿਸ ਨਾਲ ਮੈਂ ਆਪਣੇ ਮਰ ਚੁੱਕੇ ਸੁਪਨੇ ਨੂੰ ਦੁਬਾਰਾ ਤੋਂ ਜਨਮ ਦੇ ਸਕੀ, ਮੈਂ ਆਪਣੀਆਂ ਬੱਚੀਆਂ ਨੂੰ ਸਕੂਲ ਪੜਨੇ ਸਕੀ।

ਮੈਂ ਹੁਣ ਆਪਣੀ ਇਸ ਜ਼ਿੰਦਗੀ ਵਿਚ ਬਹੁਤ ਖੁਸ਼ ਹਾਂ, ਮੇਰੇ ਕਿਸੇ ਦੀ ਕੋਈ ਦਿੱਕਤ ਨਹੀਂ ਹੈ,ਕਿ ਕੋਈ ਕੀ ਕਹੇਗਾ, ਕਿਉਂਕਿ ਮੈਂ ਹੁਣ ਇਹ ਦੁਨੀਆਂ ਦੇ ਬਹੁਤੇ ਰਿਸ਼ਤਿਆਂ ਤੋਂ ਵੱਖ ਹਾਂ, ਮੈਨੂੰ ਹੁਣ ਬੱਸ ਏਵੇਂ ਹੀ ਲੱਗਦਾ ਹੈ,ਕਿ ਮੈਂ ਜੋ ਉਮਰ ਲੰਘਾਈ ਹੈ, ਉਹ ਸਿਰਫ਼ ਵਕ਼ਤ ਗੁਜ਼ਾਰਿਆ ਹੈ, ਪਰ ਮੇਰੀ ਅਸਲ ਜ਼ਿੰਦਗੀ ਦੀ ਸ਼ੁਰੂਆਤ ਹੁਣ ਹੋਈ ਹੈ।

ਤੁਸੀਂਨਹੀਂ ਜਾਣਦੇ

ਔਰਤ ਭੈਣ ਬਣਨ ਤੋਂ ਪਹਿਲਾਂ, ਮਾਂ ਬਣ ਜਾਂਦੀ ਏ

ਅੰਬਰ ਤੋਂ ਥੱਲੇ ਤੇ ਜ਼ਮੀਂ ਤੋ ਉੱਤਲੀ, ਥਾਂ ਜਾਂਦੀ ਏ

ਭਾਗ : ਅਖੀਰਲਾ

Webtopdfconverter.com

ਮੈਂ ਪਹਿਲਾਂ ਵੀ ਕਿਹਾ ਸੀ , ਇਹ ਜ਼ਿੰਦਗੀ ਹੈ,ਇਹ ਕੋਈ ਸਦਾਬਹਾਰ ਰੁੱਤ ਨਹੀਂ, ਇਹ ਹਮੇਸ਼ਾ ਬਦਲਦੀ ਰਹੀ ਹੈ, ਜਿੰਨਾਂ ਚਿਰ ਅਸੀਂ ਜਿਉਂਦੇ ਰਹਿੰਦੇ ਹਾਂ , ਓਨਾ ਚਿਰ ਇਹ ਵੀ ਬਦਲਦੀ ਰਹਿੰਦੀ ਹੈ, ਜ਼ਿੰਦਗੀ ਇਸੇ ਦਾ ਹੀ ਨਾਮ ਹੈ , ਇਸ ਵਿਚ ਦੁੱਖ ਮਗਰੋਂ ਸੁ੍ੱਖ ਤੇ ਸੁੱਖ ਮਗਰੋਂ ਦੁੱਖ ਆਉਣਾ ਲਾਜ਼ਮੀ ਹੈ।

ਦੁਖ ਸੁਖ ਦੋ ਦਰ ਕਪੜੇ || ਪਹਿਰੇ ਜਾ ਮਨੁੱਖ

ਮੈਨੂੰ ਲਗਾਤਾਰ ਸੁਖ ਦੇ ਅਖ਼ਬਾਰ ਵਿਚ ਕੰਮ ਕਰਦੀ ਨੂੰ ਪੰਜ ਸਾਲ ਬੀਤ ਗਏ, ਸਾਡੀ ਦੋਸਤੀ ਹੁਣ ਹੋਰ ਜ਼ਿਆਦਾ ਗੂੜ੍ਹੀ ਹੋ ਚੁੱਕੀ ਸੀ,ਪਰ ਹੁਣ ਮੇਰੇ ਅੰਦਰ ਪਹਿਲਾਂ ਵਾਲ਼ੇ ਜਜ਼ਬਾਤ ਨਹੀਂ ਸਨ, ਹੁਣ ਇਹ ਪਿਆਰ, ਮੁਹੱਬਤ , ਮੈਨੂੰ ਇੱਕ ਕਿਤਾਬੀ ਜਿਹੇ ਸ਼ਬਦ ਹੀ ਲੱਗਦੇ ਸੀ, ਜੋ ਬਸ ਕਿਤਾਬਾਂ ਵਿਚ ਹੀ ਸੋਹਣੇ ਲੱਗਦੇ ਨੇ, ਸੁਖ ਹਫਤੇ ਵਿਚ ਇਕ ਜਾਂ ਦੋ ਵਾਰ ਸਾਡੇ ਘਰ ਜ਼ਰੂਰ ਆਉਂਦਾ, ਮੈਨੂੰ ਉਸਦਾ ਆਉਣਾ ਚੰਗਾ ਵੀ ਲੱਗਦਾ , ਕਿਉਂਕਿ ਉਸ ਇਨਸਾਨ ਨੇ ਮੈਨੂੰ ਮੁੜ ਜ਼ਿੰਦਗੀ ਸ਼ੁਰੂਆਤ ਕਰਨ ਦਾ ਮੌਕਾ ਦਿੱਤਾ ਤੇ ਮੇਰੇ ਮਰੇ ਸੁਪਨਿਆਂ ਵਿਚ ਮੁੜ ਸਾਹ ਪਾਏ, ਐਤਵਾਰ ਦਾ ਦਿਨ ਸੀ, ਮੈਨੂੰ ਐਤਵਾਰ ਨੂੰ ਛੁੱਟੀ ਹੁੰਦੀ ਸੀ, ਪਰ ਸੁਖ ਉਸ ਦਿਨ ਵੀ ਦਫ਼ਤਰ ਜਾਂਦਾ ਸੀ,ਦੋ ਕੂ ਵਜੇ ਦਾ ਸਮਾਂ ਸੀ, ਸੁਖ ਨੇ ਫੋਨ ਕਰਿਆ : -

ਸੁਖ : ਹੈਲੋ, ਲਾਡੋ

ਮੈਂ : ਹਾਂ ਸੁਖ ...ਬੋਲ

ਸੁਖ : ਲਾਡੋ ਅਮਨ( ਉਸਦੀ ਘਰਵਾਲੀ ਦਾ ਨਾਮ ਸੀ) ਪਿੰਡ

ਗਈ ਹੋਈ ਹੈ,ਪਰ ਅੱਜ ਮੇਰੇ ਅਜ਼ੀਜ਼ ਦੋਸਤ ,ਜਿਹਨਾਂ ਨੇ ਮੈਨੂੰ ਇਸ ਅਖ਼ਬਾਰ ਨੂੰ ਸ਼ੁਰੂ ਕਰਨ ਵਿਚ ਸਹਿਯੋਗ ਦਿੱਤਾ, ਉਹ ਅੱਜ ਲੰਚ ਤੇ ਘਰ ਆ ਰਹੇ ਨੇ, ਮੈਂ ਸਾਰਾ

Webtopdfconverter.com

ਲੋੜੀਂਦਾ ਸਮਾਨ ਘਰ ਪਹੁੰਚਦਾ ਘਰ ਕਰ ਦਿੱਤਾ ਹੈ, ਤੁਸੀਂ ਜਲਦੀ ਤੋਂ ਜਲਦੀ ਸਭ ਤਿਆਰ ਕਰ ਲਵੋ। ਮੈਂ ਕੋਈ ਸਵਾਲ ਕਰੇ ਬਿਨਾਂ , ਜਲਦੀ ਜਲਦੀ ਖਾਣਾ ਬਣਾਉਣਾ ਸ਼ੁਰੂ ਕਰ ਦਿੱਤਾ, ਕਿਉਂਕਿ ਸੁਖ ਮੇਰਾ ਅਜ਼ੀਜ਼ ਦੋਸਤ ਸੀ, ਮੈਂ ਉਸ ਨੂੰ ਕਦੇ ਵੀ ਕਿਸੇ ਗੱਲ ਲਈ ਮਨਾਂ ਨਹੀਂ ਸੀ ਕਰ ਸਕਦੀ।

ਉਹ ਸਾਰੇ ਘਰ ਆਏ ਤੇ ਚਲੇ ਗਏ, ਸੁਖ ਵੀ ਉਹਨਾਂ ਦੇ ਨਾਲ ਹੀ ਚਲਾ ਗਿਆ, ਬਿਨਾਂ ਕੋਈ ਮੇਰੇ ਨਾਲ ਗੱਲ ਕਰੇ ,ਸੁਖ ਨੇ ਆਪਣੇ ਘਰ ਪਹੁੰਚ ਕੇ ਮੈਨੂੰ ਦੁਬਾਰਾ ਫੋਨ ਕਰਿਆ , ਮੈਨੂੰ ਲੱਗਿਆ ਕਿ ਉਸ ਨੇ ਇਹ ਕਹਿਣ ਲਈ ਫੋਨ ਕਰਿਆ ਹੈ, ਕਿ ਸ਼ੁਕਰੀਆ ਤੁਸੀਂ ਮੇਰਾ ਬਿਨਾਂ ਕੁਝ ਹੋਰ ਸੋਚੇ ਸਾਥ ਦਿੱਤਾ ਤੇ ਐਨਾ ਸਾਰਾ ਕੰਮ ਐਨੀ ਜਲਦੀ ਜਲਦੀ ਕੀਤਾ ਤੇ ਮੇਰੇ ਦੋਸਤਾਂ ਨੂੰ ਖਾਣਾਂ ਬਹੁਤ ਪਸੰਦ ਆਇਆਂ, ਪਰ ਉਸਨੇ ਜੋ ਕਿਹਾ, ਮੈਂ ਹੈਰਾਨ ਰਹਿ ਗਈ...

ਸੁਖ : ਲਾਡੋ ਮੈਂ ਤੁਹਾਨੂੰ ਝੂਠ ਬੋਲਿਆ...

ਮੈਂ : ਕੀ ਝੂਠ ਬੋਲਿਆ ( ਮੈਂ ਹੈਰਾਨ ਸੀ)

ਸੁਖ : ਅਮਨ ਆਪਣੇ ਪਿੰਡ ਨਹੀਂ ਗਈ...

ਮੈਂ : ਅੱਛਾ,ਪਰ ਤੁਸੀਂ ਤਾਂ ਬੋਲ ਰਹੇ ਸੀ।

ਸੁਖ : ਹਾਂ , ਮੈਂ ਕਿਹਾ ਨਾ, ਮੈਂ ਝੂਠ ਬੋਲਿਆ ਸੀ, ਦਰਅਸਲ ਗੱਲ ਇਹ ਹੈ ਕਿ ਅਮਨ ਨੇ ਮੇਰੇ ਨਾਲ ਇਸ ਸ਼ਰਤ ਤੇ ਵਿਆਹ ਕਰਵਾਇਆ ਸੀ, ਕਿ ਅਸੀਂ ਵਿਆਹ ਤੋਂ ਕੁਝ ਸਾਲ ਬਾਅਦ ਬਾਹਿਰ ਕਿਸੇ ਪ੍ਰਦੇਸ਼ ਚਲੇ ਜਾਵਾਂਗੇ। ਪਰ ਹੁਣ ਮੇਰਾ ਏਧਰ ਵਧਿਆ ਕੰਮ ਚੱਲ ਰਿਹਾ ਹੈ,ਮੈਂ ਆਪਣੇ ਅੰਕਲ ਅੰਟੀ ਨੂੰ ਛੱਡ ਕੇ ਬਾਹਿਰ ਨਹੀਂ ਜਾਣਾ ਚਾਹੁੰਦਾ, ਕਿਉਂਕਿ ਬੇਸ਼ੱਕ ਉਹ ਮੇਰੇ ਅਸਲ਼ੀ ਮਾਂ- ਬਾਪ ਨਹੀਂ ਹੈਗੇ, ਪਰ ਉਹਨਾਂ ਨੇ ਮੈਨੂੰ ਆਪਣੇ ਪੁੱਤਰ ਤੋਂ ਵੀ ਵੱਧਕੇ ਪਿਆਰ ਕਰਿਆ ਹੈ, ਜਿਸ ਕਰਕੇ ਮੈਂ ਉਹਨਾਂ ਨੂੰ ਛੱਡ ਕੇ ਨਹੀਂ ਜਾਣਾਂ ਚਾਹੁੰਦਾ,ਪਰ ਅਮਨ ਇਹ ਗੱਲ ਮੰਨਣ ਨੂੰ ਤਿਆਰ ਹੀ ਨਹੀਂ ਹੈ, ਮੈਂ ਉਸ ਨੂੰ ਅੱਜ ਜਦੋਂ ਇਹ ਦੱਸਿਆ ਕਿ ਮੇਰੇ ਦੋਸਤ ਆ ਰਹੇ ਨੇ ਘਰ, ਤਾਂ ਉਸਨੇ ਸਾਫ਼ ਮਨਾਂ ਕਰ ਦਿੱਤਾ, ਜਿਸ ਕਰਕੇ ਮੈਨੂੰ

www.PunjabiLibrary.com Webtopdfconverter.com

ਤੁਹਾਨੂੰ ਝੂਠ ਬੋਲਣਾ ਪਿਆ।

ਮੈਂ : ਮੈਂ ਅਮਨ ਨਾਲ ਗੱਲ ਕਰ ਲਵਾਂਗੀ, ਸੁਖ ਤੂੰ ਜ਼ਿਆਦਾ  ਗੰਭੀਰਤਾ ਵਿਚ ਨਾ ਲੈ...

ਸੁਖ : ਨਹੀਂ ਲਾਡੋ , ਮੈਂ ਉਸਨੂੰ ਚੰਗੀ ਤਰ੍ਹਾਂ ਜਾਣਦਾ ਹਾਂ, ਉਸਨੇ ਨਹੀਂ ਮੰਨਣਾ..

ਮੈਂ : ਠੀਕ ਹੈ ਸੁਖ , ਜਿਵੇਂ ਤੈਨੂੰ ਸਹੀ ਲੱਗਦਾ ...ਤੂੰ ਉੰਞ ਕਰ , ਮੈਂ ਤੇਰੀ ਜ਼ਿੰਦਗੀ ਵਿਚ ਕੋਈ  ਦਖਲ ਨਹੀਂ ਦੇਵਾਂਗੀ, ਜਿਦਾਂ ਤੈਨੂੰ ਸਹੀ ਲੱਗੇ, ਤੂੰ ਉੰਞ ਹੀ ਕਰ...

ਸੁਖ : ਹਾਂ ਲਾਡੋ... ਮੈਂ ਫੇਰ ਗੱਲ ਕਰਦਾਂ...( ਉਸਨੇ ਇਹ ਕਹਿ ਫੋਨ ਕੱਟ ਕਰ ਦਿੱਤਾ,

ਮੈਂ ਜਦ ਸਵੇਰੇ ਦਫ਼ਤਰ ਗਈ ਤਾਂ ਪਤਾ ਚੱਲਿਆ ਕਿ ਸੁਖ ਸਵੇਰੇ ਹੀ ਜਲਦੀ ਆ ਕਿ ਚਲਾ ਗਿਆ ਹੈ, ਤੇ ਸਾਰਿਆਂ ਨੂੰ ਕਿਹਾ ਕਿ ਕਿਸੇ ਜ਼ਰੂਰੀ ਕੰਮ ਲਈ ਬਾਹਿਰ ਜਾ ਰਿਹਾ ਹਾਂ, ਜਿੰਨੇ ਦਿਨ ਮੈਂ ਵਾਪਿਸ ਨਹੀਂ ਆਉਂਦਾ, ਓਨਾ ਚਿਰ ਮੇਰਾ ਸਾਰਾ ਕੰਮ ਲਾਡੋ ਮੈਡਮ ਨੇ ਹੀ ਕਰਨਾ ਹੈ, ਮੈਂ ਹੈਰਾਨ ਸੀ ਕਿ ਅਜਿਹਾ ਕਿਹੜਾ ਕੰਮ ਆ ਗਿਆ, ਜੋ ਮੈਨੂੰ ਫੋਨ ਕਰਕੇ ਇਹ ਵੀ ਨਹੀਂ ਕਿਹਾ ਕਿ ਦਫ਼ਤਰ ਤੁਸੀਂ ਸਾਂਭ ਲੇਓ, ਮੈਂ ਬਹੁਤ ਸਾਰੇ ਫੋਨ ਵੀ ਕਰੇ , ਪਰ ਸੁਖ_ਦਾ ਫੋਨ ਬੰਦ ਆ ਰਿਹਾ ਸੀ, ਮੇਰੇ ਅੰਦਰ ਬੜੇ ਭੈੜੇ ਭੈੜੇ ਖਿਆਲ ਵੀ ਬਣਦੇ ਰਹੇ, ਮੈਂ ਅਮਨ ਨੂੰ ਫੋਨ ਕਰਿਆ ਤਾਂ ਉਸਨੇ ਮੇਰੇ ਨਾਲ ਢੰਗ ਨਾਲ ਗੱਲ ਨਾ ਕਰੀ ਤੇ ਨਾ ਹੀ ਕੁਝ ਸੁਖ ਬਾਰੇ ਦੱਸਿਆ ,ਚਾਰ ਦਿਨ ਲੰਘ ਗਏ, ਮੈਂ ਦਫ਼ਤਰ ਤੋਂ ਅਜੇ ਘਰ ਹੀ ਪਹੁੰਚੀ ਸਾਂ...

ਮੈਂ ਕੱਪੜੇ ਬਦਲ ਕੇ ਬਾਥਰੂਮ ਵਿੱਚੋਂ ਬਾਹਿਰ ਹੀ ਆ ਰਹੀ ਸਾਂ, ਕਿ ਦਰਵਾਜ਼ੇ ਦੀ ਘੰਟੀ ਖੜਕੀ, ਬੱਚੀਆਂ ਬਾਹਿਰ ਪਾਰਕ ਵਿਚ ਖੇਡਣ ਗਈਆਂ ਹੋਈਆਂ ਸੀ, ਮੈਂ ਦਰਵਾਜ਼ਾ ਖੋਲ੍ਹਿਆ ਤਾਂ ਵੇਖਿਆ ਸੁਖ ਸੀ, ਉਸਨੇ ਦਰਵਾਜ਼ੇ ਖੁੱਲਦੇ ਸਾਰ ਹੀ ਕਿਹਾ...

ਸੁਖ : ਲਾਡੋ ਮੈਂ ਤੇਰੇ ਨਾਲ ਬਹੁਤ ਜ਼ਰੂਰੀ ਗੱਲ ਕਰਨੀ ਹੈ,

Webtopdfconverter.com

( ਅਸੀਂ ਗੈੱਸਟ ਰੂਮ ਵਿਚ ਪਈਆਂ ਕੁਰਸੀਆਂ ਤੇ ਜਾ ਬੈਠ ਗਏ )

ਮੈਂ : ਹੋਇਆ ਕੀ ਹੈ ਸੁਖ, ਮੈਂ ਪਤਾ ਕਿੰਨੇ ਫੋਨ ਕਰੇ, ਤੂੰ ਕਿੱਥੇ ਚਲਾ ਗਿਆ ਸੀ।

ਸੁਖ : ਸਭ ਦੱਸਦਾਂ , ਪਹਿਲਾਂ ਰੁੱਕ ਤਾਂ ਜਾਂ, ਮੇਰੀ ਗੱਲ ਧਿਆਨ ਨਾਲ ਸੁਣ

ਮੈਂ : ਹਾਂ ...ਸੁਣਾ

ਸੁਖ : ਮੈਨੂੰ ਅਮਨ ਨੇ ਇਹ ਗੱਲ ਕਹੀ ਹੈ ,ਕਿ ਜੇ ਮੈਂ ਤੇ ਅਮਨ ਇਸ ਹਫ਼ਤੇ ਦੇ ਵਿਚ ਵਿਚ ਪ੍ਰਦੇਸ਼ ਨਾ ਗਏ ਤਾਂ, ਉਹ ਆਤਮ-ਹੱਤਿਆ ਕਰ ਲਵੇਗੀ, ਤੇ ਮੈਂ ਹੁਣ ਬਾਹਿਰ ਜਾਣ ਦੀ ਤਿਆਰੀ ਕਰ ਰਿਹਾਂ ਹਾਂ,ਮੇਰੀ ਪਰਸੋਂ ਸ਼ਾਮ ਦੀ ਫਲਾਈਟ ਦੀ ਟਿਕਟ ( ਜਹਾਜ਼ ਦੀ ਟਿਕਟ ) ਹੋ ਚੁੱਕੀ ਹੈ, ( ਉਸਨੇ ਸਾਰੇ ਕਾਗਜ਼ ਪੱਤਰ ਦੀ ਫਾਇਲ ,ਮੈਨੂੰ ਫੜਾਉਂਦੇ ਕਿਹਾ) ਇਸ ਵਿਚ ਆਪਣੇ ਅਖ਼ਬਾਰ ਦੀਆਂ ਸਾਰੀਆਂ ਫ਼ਾਇਲਾਂ ਨੇ ਜੇਕਰ ਕੋਈ ਵੀ ਦਿੱਕਤ ਆਉਂਦੀ ਹੈ, ਤੂੰ ਇਸ ਦੀ ਸਹਾਇਤਾ ਲੈ ਸਕਦੀ ਹੈ,ਮੇਰਾ ਨਹੀਂ ਪਤਾ ਕਿ ਮੈਂ ਵਾਪਿਸ ਮੁੜ ਏਥੇ ਆਵਾਂਗਾ ਵੀ ਜਾ ਨਹੀਂ, ਹੁਣ ਮੇਰੇ ਤੋਂ ਬਾਅਦ ਤੂੰ ਇਹ ਅਖ਼ਬਾਰ ਆਪਣਾ ਹੀ ਸਮਝੀ

( ਉਸ ਦੀਆਂ ਅੱਖਾਂ ਭਰ ਆਈਆਂ,ਕਿਉਂਕਿ ਏਸ ਅਖ਼ਬਾਰ ਲਈ ਉਸਨੇ ਬਹੁਤ ਮੇਹਨਤ ਕਰੀ ਸੀ।ਪਰ ਉਸਨੇ ਡੁੱਲਦੇ ਹੰਝੂ ਪਹਿਲਾਂ ਹੀ ਬੋਚ ਲਏ )

ਉਸਨੇ ਦੋਵੇਂ ਹੱਥ ਮੇਰੇ ਹੱਥ ਵੱਲ ਵਧਾਏ ਤੇ ਮੇਰੇ ਹੱਥ ਨੂੰ ਛੋਹਣ ਦੀ ਕੋਸ਼ਿਸ਼ ਕਰੀ, ਪਰ ਅਚਾਨਕ ਹੀ ਮੇਰੀ ਛੋਟੀ ਬੇਟੀ ਆ ਗਈ, ਉਹ ਖੜਾ ਹੋ ਗਿਆ ਤੇ ਕਿਹਾ ਮੈਂ ਹੁਣ ਚੱਲਦਾ ਹਾਂ, ਕਾਫ਼ੀ ਸਮਾਂ ਹੋ ਗਿਆ ਹੈ, ਘਰ ਅਮਨ ਵੀ ਉਡੀਕਦੀ ਹੋਣੀ...

ਉਹ ਸਾਡੀ ਆਖ਼ਰੀ ਮੁਲਾਕਾਤ ਸੀ। ਉਸਤੋਂ ਬਾਅਦ ਸੁਖ ਬਾਹਿਰਲੇ ਦੇਸ਼ ਚਲਾ ਗਿਆ, ਤੇ ਮੈਂ ਅਖ਼ਬਾਰ ਸਾਂਭ ਲਿਆ, ਇੱਕ ਸਾਲ ਬੀਤ ਗਿਆ, ਪਰ ਸੁਖ ਨੇ ਮੇਰੇ ਨਾਲ ਕੋਈ ਸੰਪਰਕ ਵੀ ਨਾ ਕਰਿਆ, ਹੌਲ਼ੀ ਹੌਲ਼ੀ ਸਮਾਂ ਬੀਤਦਾ ਗਿਆ, ਸਾਡਾ ਅਖ਼ਬਾਰ ਚੋਣਵੇਂ ਅਖ਼ਬਾਰਾਂ ਵਿਚੋਂ ਇਕ ਬਣ ਗਿਆ....

Webtopdfconverter.com

ਸੁਖ ਦੇ ਅੰਕਲ ਆਂਟੀ ਹੁਣ ਇੱਕਲੇ ਰਹਿ ਗਏ ਸਨ, ਮੈਂ ਆਪਣਾ ਘਰ ਉਹਨਾਂ ਦੇ ਘਰ ਦੇ ਕੋਲ ਹੀ ਲੈ ਲਿਆ, ਅਸੀਂ ਸਾਰੇ ਕਦੇ ਕਦੇ ਅੰਕਲ ਆਂਟੀ ਕੋਲ਼ ਹੀ ਪੈ ਜਾਂਦੇ, ਆਂਟੀ ਤੇ ਅੰਕਲ ਮੈਨੂੰ ਆਪਣੇ ਪੁੱਤਾਂ ਵਾਂਗ ਪਿਆਰ ਕਰਦੇ ਸਨ,ਇੱਕ ਦਿਨ ਅਸੀਂ ਸਾਰੇ ਇੱਕਠੇ ਬੈਠੇ ਸਾਂ, ਮੇਰੀ ਵੱਡੀ ਬੇਟੀ ਨੇ ਗੱਲਾਂ ਗੱਲਾਂ ਵਿਚ ਇਹ ਪੁੱਛ ਲਿਆ.. ਕਿ ਮੰਮੀ ਮੇਰੇ ਪਾਪਾ ਕਿੱਥੇ ਨੇ... ਮੈਨੂੰ ਉਸ ਦਿਨ ਬਹੁਤ ਹੀ ਜ਼ਿਆਦਾ ਮਹਿਸੂਸ ਹੋਇਆ,

ਬੇਸ਼ੱਕ ਮੇਰੀ ਪਿਛਲੀ ਜ਼ਿੰਦਗੀ ਬਾਰੇ ਅੰਕਲ ਆਂਟੀ ਨੂੰ ਚੰਗੀ ਤਰ੍ਹਾਂ ਪਤਾ ਸੀ, ਪਰ ਫੇਰ ਵੀ ਮੈਂ ਉਸ ਗੱਲ ਦਾ ਕੋਈ ਵੀ ਜਵਾਬ ਨਾ ਦੇ ਸਕੀ, ਸਗੋਂ ਮੈਂ ਅੰਕਲ ਆਂਟੀ ਨੂੰ ਉਹ ਸਵਾਲ ਕਰਿਆ ਜੋ , ਮੈਨੂੰ ਲੱਗਦਾ ਅੱਜ ਤੀਕ ਸੁਖ ਨੇ ਵੀ ਨਹੀਂ ਸੀ ਕਰਿਆ, ਮੈਂ ਅੰਕਲ ਆਂਟੀ ਨੂੰ ਪੁੱਛਿਆ ਕਿ ...ਕੀ ਸੁਖਨੂਰ ਤੁਹਾਡਾ ਅਸਲੀ ਪੁੱਤਰ ਹੈ,_ਅੰਕਲ ਆਂਟੀ ਇੱਕ ਦੂਸਰੇ ਦੇ ਮੂੰਹ ਵੱਲ ਵੇਖ ਰਹੇ ਸਨ, ਕਿਉਂਕਿ ਇਹ ਗੱਲ ਸੁਖਨੂਰ ਤੋਂ ਇਲਾਵਾ ਕੋਈ ਨਹੀਂ ਸੀ ਜਾਣਦਾ, ਮੈਨੂੰ ਅੰਟੀ ਨੇ ਕਿਹਾ, ਪੁੱਤ ਤੈਨੂੰ ਕਿਸਨੇ ਕਿਹਾ ਕਿ ਉਹ ਸਾਡਾ ਆਪਣਾ ਪੁੱਤ ਨਹੀ ਹੈ, ਮੈਂ ਅੰਟੀ ਨੂੰ ਸਕੂਲ ਵਾਲੀ ਸਾਰੀ ਗੱਲ ਦੱਸੀ, ਤਾਂ ਅੰਕਲ ਆਂਟੀ ਨੇ ਦੱਸਿਆ ਕਿ ਸੁਖਨੂਰ ਮੇਰੀ ਇਕਲੌਤੀ ਧੀ ਦਾ ਪੁੱਤਰ ਹੈ,ਉਸਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ ਸੀ ,ਉਸ ਦੇ ਸੋਹਰੇ ਪਰਿਵਾਰ ਨੇ ਉਸਨੂੰ ਪੈਸੇ ਦੇ ਲਾਲਚ ਕਾਰਨ ਘਰ ਤੋਂ ਬਾਹਿਰ ਕੱਢ ਦਿੱਤਾ ਸੀ, ਤੇ ਜਿਸ ਕਾਰਨ ਉਸਨੇ ਆਤਮ ਹੱਤਿਆਂ ਕਰ ਲਈ,ਉਸ ਸਮੇਂ ਸੁਖਨੂਰ ਅੱਠ ਸਾਲ ਦਾ ਸੀ, ਸਾਨੂੰ ਤਾਂ ਪੁੱਤ ਇਹ ਗੱਲ ਵੀ ਬਾਅਦ ਵਿੱਚ ਸੁਖਨੂਰ ਕੋਲੋਂ ਪਤਾ ਲੱਗੀ ਕਿ ਸਾਡੀ ਧੀ ਨੇ ਆਤਮ-ਹੱਤਿਆ ਨਹੀ ਕਰੀ ਸਗੋਂ, ਉਸਦੇ ਸੋਹਰੇ ਪਰਿਵਾਰ ਨੇ ਹੀ ਉਸਨੂੰ ਮਾਰਿਆ ਹੈ,ਸੁਖਨੂਰ ਨੂੰ ਉਸਤੋਂ ਬਾਅਦ ਅਸੀਂ ਏਥੇ ਲੈ ਆਏ, ਉਹ ਕਦੇ ਵੀ ਪਹਿਲਾਂ ਸਾਨੂੰ ਮਿਲਣ ਨਹੀਂ ਸਨ ਆਏ, ਸ਼ਾਇਦ ਇਸੇ ਕਰਕੇ ਹੀ ਸੁਖਨੂਰ ਸਾਨੂੰ ਨਹੀਂ ਸੀ ਜਾਣਦਾ,ਤੇ ਨਾ ਹੀ ਉਸਨੂੰ ਕਿਸੇ ਨੇ ਸਾਡੇ ਬਾਰੇ ਕਦੇ ਦੱਸਿਆ ਹੋਣਾ ...

www.PunjabiLibrary.com Webtopdfconverter.com

ਮੈਨੂੰ ਇਹ ਸਭ ਸੁਣ ਕੇ ਬੜਾ ਦੁੱਖ ਮਹਿਸੂਸ ਹੋਇਆ, ਮੇਰੀਆਂ ਅੱਖਾਂ ਵਿਚੋਂ ਮੀਂਹ ਵਾਂਗੂੰ ਪਾਣੀ ਆ ਰਿਹਾ....

ਤੇਰੀ ਯਾਦ ਅਸਾਂ ਵੱਲ ਹੱਸ ਕੇ

ਕੁਝ ਹੰਝੂ ਕਰ ਗਈ ਦਾਨ ਵੇ

ਅਸਾਂ ਗੀਤ ਲਿਖੇ ਤੇਰੇ ਨਾਮ ਤੇ

ਸਾਨੂੰ ਏਸੇ ਗੱਲ ਤੇ ਮਾਣ ਵੇ

ਉੱਚੀ ਉੱਡਣ ਤਿੱਤਰ ਖੰਭੀਆਂ

ਨੀਵੀਂ ਹੋਈ ਬਾਜ਼ਾਂ ਦੀ ਡਾਰ ਵੇ

ਤੂੰ ਚੜ ਕਿਸੇ ਬਨੇਰੇ ਤੇ

ਕੋਈ ਹਾਕ ਅਸਾਂ ਨੂੰ ਮਾਰ ਵੇ

ਬਣਕੇ ਬੱਦਲ਼ ਧੂੰਏਂ ਦੇ

ਹੁਣ ਅੰਬਰੀਂ ਲੱਗੇ ਛੋਹਣ ਵੇ

ਤੂੰ ਤੁਰ ਗਿਆ ਦੇਸ ਪਰਾਏ ਨੂੰ

ਏਥੇ ਦੀਦੜੇ ਬੈਠੇ ਰੋਣ ਵੇ

ਕੋਈ ਬਣਕੇ ਲਫ਼ਜ਼ ਕੁਰਾਨ ਦਾ

ਤੂੰ ਮੇਰੇ ਕੰਨਾਂ ਦੇ ਵਿਚ ਗੂੰਜ ਵੇ

ਏਥੇ ਭਰ ਭਰ ਕਟੋਰੇ ਜਾਵਣ ਟੁੱਟੀਂ

Webtopdfconverter.com

ਤੂੰ ਆ ਕੇ ਹੰਝੂ ਅਸਾਂ ਦੇ ਪੂੰਜ ਵੇ
ਏਥੇ ਭਰ ਭਰ ਕਟੋਰੇ ਜਾਵਣ ਟੁੱਟੀਂ

ਤੂੰ ਆ ਕੇ ਹੰਝੂ ਅਸਾਂ ਦੇ ਪੂੰਜ ਵੇ

ਇੱਕ ਦਿਨ ਅਜਿਹਾ ਆਇਆ ਜਿਸ ਦਿਨ ਅੰਟੀ ਜੀ ਸੁੱਤੇ ,ਮੁੜ ਨਾ ਉੱਠੇ, ਮੈਂ ਸੁਖਨੂਰ ਨੂੰ ਇਹ ਗੱਲ ਦੱਸਣ ਲਈ , ਬਹੁਤ ਫੋਨ ਕਾੱਲ ਕੀਤੇ, ਈ- ਮੇਲ ਵੀ ਕੀਤੀਆਂ,ਪਰ ਉਸ ਦਾ ਕੋਈ ਜਵਾਬ ਨਾ ਆਇਆ... ਮੈਨੂੰ ਬਹੁਤ ਬੁਰਾ ਲੱਗਿਆ ਮੈਨੂੰ, ਇੱਕ ਦਿਨ  ਫੇਰ ਅਜਿਹਾ ਆਇਆ , ਜਿਸ ਦਿਨ ਅੰਕਲ ਜੀ ਵੀ ਗੂੜ੍ਹੀ ਨੀਂਦ ਸੌਂ ਗਏ, ਮੈਂ ਸੁਖਨੂਰ ਨਾਲ ਦੁਬਾਰਾ ਫੇਰ ਬਹੁਤ ਸੰਪਰਕ ਕਰੇ,ਪਰ ਉਸਨੇ ਕੋਈ ਜਵਾਬੀ ਉੱਤਰ ਨਾ ਘੱਲਿਆ, ਮੈਂ ਉਸਦੇ ਜਵਾਬ ਦੀ ਉਡੀਕ ਹੀ ਛੱਡ ਦਿੱਤੀ,

ਦੱਸ ਸਾਲ ਬੀਤ ਗਏ ਸੁਖਨੂਰ ਨੂੰ ਪ੍ਰਦੇਸ਼ ਗਏ ਹੋਏ ਨੂੰ, ਹੁਣ ਤਾਂ ਦਫ਼ਤਰ ਵਿਚ ਬਹੁਤਿਆਂ ਨੂੰ ਇਹ ਵੀ ਨਹੀਂ ਸੀ ਯਾਦ , ਕਿ ਸੁਖਨੂਰ ਸਰ ਵੀ ਹੁੰਦੇ ਸਨ, ਮੈਂ ਕਦੇ ਰਾਤ ਨੂੰ ਪਈ ਪਈ,ਇਹ ਸੋਚਦੀ ਕਿ ਕੀ ਹੈ ...??, ਭਲਾਂ ਇਹ ਜ਼ਿੰਦਗੀ, ਕਿੱਥੋਂ ਸ਼ੁਰੂ ਹੋਈ ਤੇ ਕਿੱਥੇ ਆ ਗਈ, ਕਿੰਨੇ ਵਿੱਛੜ ਗਏ ਤੇ ਹੋਰ ਪਤਾ ਨਹੀਂ ਕਿੰਨਿਆਂ ਨੇ ਵਿਛੜਣਾ ਹੈ, ਮੈਂ ਅੱਧੀ ਅੱਧੀ ਰਾਤ ਇਹੀ ਸੋਚਦਿਆਂ ਲੰਘਾ ਦੇਂਦੀ , ਪਰ ਇਹ ਸਵਾਲਾਂ ਨੇ ਮੇਰਾ ਪੱਲਾ ਕਦੇ ਨਾ ਛੱਡਿਆ...

ਮੀਂਹ ਪੈ ਕਿ ਹੱਟਿਆ ਸੀ, ਅਸਮਾਨ ਅਜੇ ਬਿਲਕੁਲ ਸਾਫ਼ ਨਹੀਂ ਸੀ ਹੋਇਆ , ਥੋੜੇ ਥੋੜੇ ਬੱਦਲ਼ ਛਾਏ ਹੋਏ ਸਨ , ਹਵਾ ਚੱਲ ਰਹੀ ਸੀ... ਠੰਢੀ ਠੰਢੀ , ਸੂਰਜ ਦੀ ਧੁੱਪ ਦੀਆਂ ਕਿਰਨਾਂ ਕਿਸੇ ਹੀਰੇ ਦੀ ਚਮਕ ਵਾਂਗ ਵੇਖਾਈ ਦੇ ਰਹੀਆਂ ਸਨ, ਮੈਂ ਦਫ਼ਤਰ ਤੋਂ ਨਿਕਲ ਕੇ ਬੱਸ ਸਟੈਂਡ ਵੱਲ ਨੂੰ ਜਾ ਰਹੀ ਸਾਂ, ਮੈਂ ਬੱਸ ਸਟੈਂਡ ਤੇ ਪਹੁੰਚੀ, ਤਾਂ ਵੇਖਿਆ ਇੱਕ ਖਾਸੀ ਉਮਰ ਦੀ ਔਰਤ ਬੈੱਸ ਸਟੈਂਡ ਦੇ ਖੂੰਜ਼ੇ ਵਿਚ ਸੜੇ ਜਿਹੇ ਕੰਬਲ਼ ਦੀ ਬੁੱਕਲ ਮਾਰੀ ਬੈਠੀ,ਕੰਬ ਰਹੀ ਸੀ, ਮੈਂ ਉਸ ਨੂੰ ਬੁਲਾਇਆ ਉਹ ਨਾ ਬੋਲੀ, ਮੈਂ ਫੇਰ ਤੋਂ ਦੁਬਾਰਾ ਬੁਲਾਇਆ,ਉਸਨੇ ਸਿਰ ਉਤਾਂਹ ਨੂੰ

Webtopdfconverter.com

ਚੁੱਕਿਆ,ਉਸਦਾ ਗੋਰੇ ਗੋਰੇ ਰੰਗ ਵਾਲਾ ਮੂੰਹ ਬੁਖਾਰ ਨਾਲ ਲਾਲੋ ਲਾਲ ਹੋਇਆ ਪਿਆ ਸੀ, ਮੈਂ ਉਸਨੂੰ ਕਿਹਾ ਤੁਸੀਂ ਉੱਠੋ, ਬੱਸ ਸਟੈਂਡ ਦੇ ਕੋਲ ਹੀ ਇੱਕ ਮੈਡੀਕਲ ਸੀ, ਮੈਂ ਉਹਨਾਂ ਨੂੰ ਉਥੇ ਲੈ ਗਈ,ਤੇ ਦਵਾਈ ਦਵਾ ਕਿ ਮੈਂ ਉਹਨਾਂ ਨੂੰ ਪੁੱਛਿਆ ਕਿ ਤੁਹਾਡਾ ਘਰ ਕਿੱਥੇ ਹੈ, ਮੈਂ ਤੁਹਾਨੂੰ ਛੱਡ ਆਵਾਂਗੀ ਤਾਂ ਉਸ ਬੁੱਢੀ ਦਾ ਜਵਾਬ ਸੀ ..???, ਮੇਰਾ ਕੋਈ ਘਰ ਨਹੀਂ ਹੈ, ਮੈਨੂੰ ਆਪਣਾ ਬੀਤਿਆ ਵਕਤ ਯਾਦ ਆ ਗਿਆ, ਮੈਂ ਉਥੋਂ ਆਟੋ ਲਿਆ ਤੇ ਉਸ ਬੁੱਢੀ ਨੂੰ ਆਪਣੇ ਨਾਲ ਹੀ ਆਪਣੇ ਘਰ ਲੈ ਆਈ, ਮੈਂ ਉਸਦੀ ਦੀ ਘਰ ਲਿਜਾ ਦੋ ਤਿੰਨ ਦਿਨ ਚੰਗੀ ਤਰ੍ਹਾਂ ਦੇਖਭਾਲ ਕਰੀ, ਉਹ ਬੁੱਢੀ ਪੂਰੀ ਤਰ੍ਹਾਂ ਠੀਕ ਹੋ ਗਈ, ਐਤਵਾਰ ਦਾ ਦਿਨ ਸੀ, ਅਸੀਂ ਸਾਰੇ ਪਾਰਕ ਵਿਚ ਬੈਠੇ ਸੀ, ਬੱਚੀਆਂ ਉਥੇ ਹੀ ਖੇਡ ਰਹੀਆਂ ਸਨ, ਮੈਂ ਉਸ ਬੁੱਢੀ ਨੂੰ ਪੁੱਛਿਆ ਕਿ ਤੁਹਾਡਾ ਕੋਈ ਪਰਿਵਾਰ ਜਾਂ ਸਾਕ ਸਬੰਧੀ ਨਹੀਂ ਹੈ , ਫੇਰ ਉਸਨੇ ਦੱਸਣਾ ਸ਼ੁਰੂ ਕਰਿਆ....

ਪੁੱਤ ਮੈਂ ਆਪਣੇ ਮਾਪਿਆਂ ਦੀ ਇੱਕਲੌਤੀ ਧੀ ਸੀ, ਮੇਰੇ ਮਾਪਿਆਂ ਨੇ ਮੈਨੂੰ ਇੱਕ ਵੱਡੇ ਘਰ ਵਿਆਹਿਆ, ਪਰ ਪੁੱਤ ਇਹ ਵੱਡੇ ਘਰ ਵੀ ਸਮਾਂ ਪਾ ਛੋਟੇ ਹੋ ਜਾਂਦੇ ਨੇ...ਤੇ ਫੇਰ ਹੋਇਆ ਵੀ ਉਂਙ ਹੀ...ਬਸ ਹੌਲ਼ੀ ਹੌਲ਼ੀ ਘਰਾਂ ਦੇ ਨਾਲ ਬਾਕੀ ਸਭ ਕੁਝ ਵੀ ਛੋਟਾ ਹੋਣ ਲੱਗਿਆ, ਪੁੱਤ ਮੇਰੇ ਘਰ ਪੰਜ ਧੀਆਂ ਪਿੱਛੋਂ ਇੱਕ ਪੁੱਤਰ ਨੇ ਜਨਮ ਲਿਆ, ਮੈਂ ਬੜੇ ਲਾਡਾਂ ਨਾਲ ਉਸ ਪਾਲਿਆ ਤੇ ਵੱਡਾ ਕਰਿਆ,ਉਸਦੇ ਬਾਪੂ ਦੇ ਜਾਣ ਪਿੱਛੋਂ ਪੁੱਤ ਮੈਂ ਲੋਕਾਂ ਦੇ ਕੰਮ - ਧੰਦੇ ਕਰ ਨਿੱਕੀਆਂ ਕੁੜੀਆਂ ਦਾ ਵਿਆਹ ਕਰਿਆ,ਤੇ ਜਦੋਂ ਪੁੱਤ ਮੇਰਾ ਪੁੱਤਰ ਕਮਾਊ ਹੋਇਆ, ਉਹ ਨਸ਼ੇ ਵਿਚ ਪੈ ਗਿਆ,ਉਸਨੇ ਮੇਰੀਆਂ ਸਾਰੀਆਂ ਰੀਝਾਂ ਨੂੰ ਮਿੱਟੀ ਵਿੱਚ ਰੋਲ ਦਿੱਤਾ, ਮੈਂ ਨਿੱਤ ਨਿੱਤ ਦੀ ਲੜਾਈ ਤੋਂ ਅੱਕ ਕੇ ਖੇਤ ਜਾ ਬੈਠੀ , ਪੁੱਤ ਉਸਨੇ ਮੇਰਾ ਉਥੇ ਵੀ ਖਹਿੜਾ ਨਾ ਛੱਡਿਆ ਉਹ ਨਸ਼ਾ ਕਰਨ ਲਈ ਮੈਥੋਂ ਵਾਰ ਵਾਰ ਪੈਸੇ ਮੰਗਦਾ ਤੇ ਜੇ ਮੈਂ ਪੈਸੇ ਨਾ ਦੇਂਦੀ ਤਾਂ ਉਹ ਮੈਨੂੰ ਕੁੱਟਦਾ ਮਾਰਦਾ,ਪੁੱਤ ਮੈਂ ਉਸਦੇ ਨਸ਼ੇ ਦੇ ਕਾਰਨ ਲਕੋ ਕਿ ਰੱਖੀਆਂ ਮੇਰੀ, ਮਾਂ ਦੇ ਹੱਥ ਦੀ ਨਿਸ਼ਾਨੀ ਬਾਲੀਆਂ ਵੀ ਵੇਚ ਦਿੱਤੀਆਂ...ਬੁੱਢੀ ਦੀਆਂ ਅੱਖਾਂ ਸਮੁੰਦਰ ਦੀਆਂ ਲਹਿਰਾਂ ਵਾਂਗ ਉੱਛਲ ਰਹੀਆਂ ਸੀ, ਅੱਖਾਂ ਮੇਰੀਆਂ

www.PunjabiLibrary.com Webtopdfconverter.com

ਵੀ ਭਰ ਆਈਆਂ ਸੀ, ਕਿਉਂਕਿ ਸਿਆਣੇ ਆਖਦੇ ਨੇ, ਇੱਕ ਔਰਤ ਦਾ ਦਰਦ ਇੱਕ ਔਰਤ ਹੀ ਸਮਝ ਸਕਦੀ ਹੈ, ਫੇਰ ਇਹ ਔਰਤ ਤਾਂ ਸੀ ਵੀ ਮੇਰੀ ਮਾਂ ਦੀ ਉਮਰ ਦੀ,

ਗਮ ਦੇ ਦੇਗੇ ਭਰ ਕੇ

ਸਾਡੇ ਪੈਰਾਂ ਦੇ ਵਿਚ ਡੁੱਲ੍ਹੇ ਨੇ
ਅਸੀਂ ਕੱਚੀਆਂ ਉਮਰਾਂ ਵਿਚ ਹੀ

ਡਾਉਣੇ (ਡਾਉਹਣੇ) ਸਿੱਖੇ ਚੁੱਲ੍ਹੇ ਨੇ
ਅਸੀਂ ਇੱਕੋ ਚੁੰਨੇ ਨਾਲ ਹੀ

ਕਈ ਸਾਲ ਜੇ ਕੱਢੇ ਨੇ
ਸਾਡੀਆਂ ਦੇਹਾਂ ਨਾਲੋਂ ਵੀ ਕਈ ਗੁਣਾਂ

ਸਾਡੇ ਤਾਹੀਂ ਜਿਗਰੇ ਵੱਡੇ ਨੇ
ਹੱਥ ਤੇ ਉੱਠੇ ਛਾਲੇ ਜੋ

ਦੱਸਦੇ ਨੇ ਉਮਰਾਂ ਬੀਤੀਆਂ ਨੂੰ
ਹਰ ਇਕ ਨਾਲ ਤਾਂ ਫਰੋਲ ਨੀਂ ਹੁੰਦਾ

ਅਰਸਾ ਬੀਤ ਗਿਆ ਗੱਲਾਂ ਇਹ ਕੀਤੀਆਂ ਨੂੰ
ਹਰ ਅੱਗੇ ਰੱਖ ਮੈਂ ਖੋਲ ਦੇਵਾਂ

ਇਹ ਜ਼ਖ਼ਮ ਐਨੇ ਵੀ ਹਾਲੇ ਪੱਕੇ ਨਹੀਂ

ਉਹ ਜ਼ਿੰਦਗੀ ਨਹੀਂ ਬਸ ਸਮਾਂ ਗੁਜ਼ਾਰਦਾ ਏ

ਜਿਹਨੇ ਖਾਦੇ ਕਦੇ ਵੀ ਧੱਕੇ ਨਹੀਂ

ਲਿਖਣਾ ਮੇਰੀ ਆਦਤ ਸੀ

ਪਰ ਹੁਣ ਮਜਬੂਰੀ ਬਣ ਗਿਆ ਏ

ਲੋਕਾਂ ਨੂੰ ਬੜਾ ਪਸੰਦ ਆਵੇ

ਇਹ ਕੋਈ ਮਸ਼ਹੂਰੀ ਬਣ ਗਿਆ ਏ

ਆਪਣਿਆਂ ਮਗਰੋਂ ਦਰਦ ਮੇਰਾ

ਇਹਨੇ ਕੋਲ ਬਹਿ ਸੁਣਿਆ ਸੀ

ਸ਼ਾਇਦ ਤਾਹੀਂ ਮੈਂ ਇੱਕ ਲੇਖਕਾ

ਬਣਨ ਦਾ ਸੁਪਨਾ ਬੁਣਿਆ ਸੀ

ਸ਼ਾਇਦ ਤਾਹੀਂ ਮੈਂ ਇੱਕ ਲੇਖਕਾ

ਬਣਨ ਦਾ ਸੁਪਨਾ ਬੁਣਿਆ ਸੀ

ਮੈਨੂੰ ਉਸ ਦਿਨ ਪਹਿਲੀ ਵਾਰ ਆਪਣੀ ਮਾਂ ਦੀ ਬਹੁਤ ਯਾਦ ਆਈ,ਰੋਟੀ ਖਾਣ ਤੋਂ ਬਾਅਦ ਅਸੀਂ ਸਾਰੇ ਇੱਕਠੇ ਬੈਠੇ ਸੀ,ਉਸ ਬੁੱਢੀ ਔਰਤ ਨੇ ਮੇਰੇ ਤੋਂ ਬਾਕੀ ਪਰਿਵਾਰ ਬਾਰੇ ਪੁੱਛਿਆ, ਜਦੋਂ ਮੈਂ ਉਸ ਨੂੰ ਦੱਸਿਆ ਤਾਂ ਉਸ ਦੀਆਂ ਅੱਖਾਂ ਪਹਿਲਾਂ ਨਾਲੋਂ ਵੀ ਜ਼ਿਆਦਾ ਭਰੀਆਂ ਹੋਈਆਂ ਸੀ, ਉਸਨੇ ਮੈਨੂੰ ਇੱਕੋ ਗੱਲ ਆਖ ਕੇ ਗਲ਼ ਨਾਲ ਲਗਾ ਲਿਆ ਕਿ ਪੁੱਤ ਤੂੰ ਮੇਰੀ ਲਾਡੋ ਪੁੱਤ ਏ, ਮੈਂ ਇਹ ਵੇਖ ਕਿ ਹੈਰਾਨ ਸੀ,

www.PunjabiLibrary.com Webtopdfconverter.com

ਕਿਉਂਕਿ ਉਹ ਬੁੱਢੀ ਔਰਤ ਕੋਈ ਹੋਰ ਨਹੀਂ ਮੇਰੀ ਆਪਣੀ ਮਾਂ ਸੀ। ਮੈਨੂੰ ਆਪਣੀ ਮਾਂ ਦੀ ਇੱਕ ਗੱਲ ਯਾਦ ਆ , ਜਦੋਂ ਮੈਂ ਨਿੱਕੀ ਹੁੰਦੀ ਸੀ, ਜੋ ਉਸਨੇ ਕਹੀ ਸੀ : -

.......ਕਿ ਪ੍ਰੁੱਤ ਤੂੰ ਮੇਰਾ ਦੂਸਰਾ ਪ੍ਰੁੱਤਰ ਹੈ......

ਜ਼ਿੰਦਗੀ ਦਾ ਕੁਝ ਵੀ ਨਹੀਂ ਪਤਾ ਲੱਗਦਾ, ਉਹ ਕਿਸ ਮੋੜ ਤੇ ਕਿਸ ਨੂੰ ਮਿਲਾ ਦੇਵੇ, ਆਪਣੇ ਲਈ ਇਹ ਇੱਕ ਇਤਫਾਕ ਦੀ ਘਟਨਾ ਹੁੰਦੀ ਹੈ, ਪਰ ਅਸਲ ਵਿੱਚ ਪਤਾ ਨਹੀਂ ਕਿੰਨੇ ਸਦੀਆਂ ਤੋਂ ਇਹ ਚੱਕਰ ਦੀ ਉਡੀਕ ਹੋ ਰਹੀ ਹੁੰਦੀ ਹੈ। ਮੈਨੂੰ ਪੰਜਾਬੀ ਮਸ਼ਹੂਰ ਕਲਾਕਾਰ ਅਮਨਿੰਦਰ ਗਿੱਲ ਦੇ ਲਹੌਰੀਏ ਫਿਲਮ ਦੇ ਇਕ ਗੀਤ ਦੀ ਇਕ ਤੁਕ ਯਾਦ ਆ ਰਹੀ ਹੈ, ਜਿਸ ਉਹ ਆਖਦਾ ਹੈ :-

ਏਥੇ ਕੋਈ ਨਾ ਮਿਲਦਾ.....ਆਪੈ ਰੱਬ ਮਿਲਾਉਂਦਾਂ ਏ.....ਇਹ ਮਿਲਣਾਂ ,ਵਿਛੱੜਣਾ...ਸਭ ਕਿਸਮਤ ਦੇ ਚੱਕਰ ਨੇ...ਜੋ ਏਸ ਜਹਾਨ ਤੇ ਯਾਰਾ ਵਿੱਛੜ ਗਏ...ਖੌਰੇ ਕੇਸ ਜਹਾਨੇ ਜਾ ਕੇ...ਮੁੜ ਓ ਟੱਕਰਨੇ.....

ਮੈਂ ਇੱਕਲੀ ਤੋਂ ਫੇਰ ਮੁੜ , ਜੁੜ ਗਈ, ਮੈਨੂੰ ਮੇਰੀ ਜ਼ਿੰਦਗੀ ਫੇਰ ਦੁਬਾਰਾ ਇਕ ਨਵੇਂ ਸਿਰੇ ਤੋਂ ਸ਼ੁਰੂ ਹੁੰਦੀ ਜਾਪੀ, ਮੇਰੀ ਮਾਂ ਨੇ ਮੇਰੀ ਜਿੰਦਗੀ ਨੂੰ ਦੁਬਾਰਾ ਖੁਸ਼ੀਆਂ ਨਾਲ ਭਰ ਦਿੱਤਾ, ਹੱਸਦੇ ਖੇਡਦਿਆਂ ਇੱਕ ਸਾਲ ਬੀਤ ਗਿਆ.... ਸਵੇਰੇ ਚਾਰ ਵਜੇ ਦਾ ਸਮਾਂ ਸੀ, ਇੱਕ ਅਣਜਾਣ ਜਿਹੇ ਨੰਬਰ ਤੋਂ ਕਾੱਲ ਆਈ...

ਮੈਂ : ਹੈਲੋ... ਹਾਂਜੀ... ਕੌਣ

ਅਣਜਾਣ : ਹੈਲੋ ...ਲਾਡੋ... ਮੈਂ ਸੁਖਨੂਰ

ਮੈਂ : ਸੁਖਨੂਰ ਤੂੰ !!!... ਕਿਵੇਂ ਆਂ... ਮੈਂ ਤੈਨੂੰ ਪਤਾ ਕਿੰਨੇ ਫੋਨ ਕਰੇ

ਸੁਖ : ਵਧੀਆ, ਹਾਂ ਪਤਾ ਹੈ ,ਮੈਨੂੰ ਬਸ ਕੁਝ ਹਾਲਾਤ ਹੀ, ਇਸ ਤਰ੍ਹਾਂ ਦੇ ਬਣ ਗਏ ਸੀ,ਬਸ ਕੁਝ ਵੱਸ ਹੀ ਨਾ ਰਿਹਾ

ਮੈਂ : ਚੱਲ ਹੋਰ ਸੁਣਾ...ਬਾਕੀ ਕਿਵੇਂ ਨੇ ਸਾਰੇ...ਅਮਨ ਕਿਵੇਂ ਆ

ਸੁਖ : ਲਾਡੋ ਮੈਂ ਪਰਸੋਂ ਸਵੇਰੇ ਇੰਡਿਆ ਵਾਪਿਸ ਆ ਰਿਹਾਂ ਹਾਂ

www.PunjabiLibrary.com Webtopdfconverter.com

ਮੈਂ : ਸੱਚੀਂ, ( ਉਸ ਤੋਂ ਬਾਅਦ ਫੋਨ ਕੱਟਿਆ ਗਿਆ, ਮੈਂ ਦੁਬਾਰਾ ਬਹੁਤ ਵਾਰ ਲਗਾਇਆ, ਪਰ ਫੋਨ ਨਾ ਲੱਗਿਆ...

ਮੈਂ ਛੇਤੀ ਛੇਤੀ ਜਾ ਮਾਂ ਨੂੰ ਇਹ ਗੱਲ ਦੱਸੀ, ਅਸੀਂ ਸਾਰੇ ਬਹੁਤ ਖੁਸ਼ ਸਾਂ, ਕਿਉਂਕਿ ਸੁਖ ਮੇਰਾ ਇੱਕ ਚੰਗਾ ਦੋਸਤ ਸੀ, ਜਿਸਨੇ ਮੈਨੂੰ ਇੱਕ ਨਵੀਂ ਜ਼ਿੰਦਗੀ ਦਿੱਤੀ ਸੀ , ਸੁਖ ਨੇ ਇੰਡਿਆ ਪਹੁੰਚ ਕਾੱਲ ਵੀ ਨਹੀਂ ਕੀਤੀ, ਸਗੋਂ ਸਿੱਧਾ ਆ ਘਰ ਦੇ ਦਰਵਾਜ਼ੇ ਦੀ ਘੰਟੀ ਖੜਕਾ ਦਿੱਤੀ, ਜਦੋਂ ਮੈਂ ਦਰਵਾਜ਼ਾ ਖੋਲ੍ਹਿਆ ਤਾਂ ਮੇਰੇ ਤੋਂ ਰਿਹਾ ਨਾ ਗਿਆ, ਮੈਂ ਬਿਨਾਂ ਕੁਝ ਸੋਚੇ,ਸੁਖ ਨੂੰ ਗੱਲਵਕੜੀ ਪਾ ਲਈ, ਫੇਰ ਅੱਗੋਂ ਉਸ ਨੇ ਵੀ ਪਾ ਲਈ, ਮੇਰੀ ਪਤਾ ਨਹੀਂ ਕਿਉਂ ਅੱਖ ਜਿਹੀ ਭਰ ਆਈ, ਸਾਰੇ ਜਾਣੇ ਅਸੀਂ ਅਗਾਂਹ ਜਾ ਬੈਠ ਗਏ, ਮੈਂ ਸੁਖ ਨੂੰ ਦੱਸਿਆ ਕਿ ਇਹ ਮੇਰੀ ਮਾਤਾ ਜੀ ਨੇ, ਇਹ ਹੁਣ ਮੇਰੇ ਕੋਲ ਹੀ ਰਹਿੰਦੇ ਨੇ, ਮੈਂ ਇੱਕਲੀ ਰਹਿ ਗਈ ਸੀ ਨਾ , ਤਾਂ ਕਰਕੇ ... ਵੈਸੇ ਸੁਖ ਨੂੰ ਪਤਾ ਸਭ ਕੁਝ ਸੀ, ਪਰ ਮੈਂ ਮਾਂ ਅੱਗੇ ਨਹੀਂ ਸੀ, ਇਹ ਦੱਸਣਾ ਚਾਹੁੰਦੀ... ਮੈਂ ਸੁਖ ਨੂੰ ਪੁੱਛਿਆ.. ਅਮਨ ਕਿੱਥੇ ਹੈ...ਸੁਖ ਦੇ ਚਿਹਰੇ ਦਾ ਰੰਗ ਅਜੀਬ ਜਿਹਾ ਹੋ ਗਿਆ, ਜਿਸ ਤੋਂ ਸਾਫ ਸਾਫ ਪਤਾ ਲੱਗ ਰਿਹਾ ਸੀ, ਕਿ ਗੱਲ ਕੋਈ ਹੈ , ਜੋ ਸੁਖ ਲਕੋ ਰਿਹਾ ਹੈ...

ਮੈਂ : ਸੁਖ ਦੱਸ ਅਮਨ ਕਿੱਥੇ ਹੈ...???

ਸੁਖ : ਲਾਡੋ ਮੈਨੂੰ ਸਮਝ ਨਹੀਂ ਆ ਰਹੀ...

ਮੈਂ : ਕੀ ਸਮਝ ਨਹੀਂ ਆ ਰਹੀ

ਸੁਖ : ਵੀ , ਮੈਂ ਕਿਵੇਂ ਦੱਸਾਂ

ਮੈਂ : ਤੁਸੀਂ ਜਿਵੇਂ ਹੈ, ਉਵੇਂ ਦੱਸ ਦੇਉ।

ਸੁਖ : ਤੇ ਸੁਣੋ ਫੇਰ, ਜਦੋਂ ਅਸੀਂ ਏਥੋਂ ਉਥੇ ਚਲੇ ਗਏ, ਤਾਂ ਮੈਨੂੰ ਤੇ ਅਮਨ ਨੂੰ ਜਲਦੀ ਕੋਈ ਕੰਮ ਨਹੀਂ ਲੱਭਿਆ ਤੇ ਜੇ ਲੱਭਿਆ ਵੀ ਤਾਂ, ਮੈਂ ਪੈਸੇ ਘੱਟ ਕਮਾਉਂਦਾ ਸੀ, ਅਮਨ ਮੇਰੇ ਤੋਂ ਜ਼ਿਆਦਾ ਕਮਾਉਂਦੀ ਸੀ, ਉਸਨੇ ਮੈਨੂੰ ਇਹ ਗੱਲ ਕਈ

Webtopdfconverter.com

ਵਾਰ,ਏਧਰ ਓਧਰ ਦੀ ਗੱਲ ਕਰਦਿਆਂ ਕਹਿ ਦਿੱਤੀ, ਜਿਸ ਕਾਰਨ ਸਾਡੀ ਲੜਾਈ ਹੋਣੀ ਸ਼ੁਰੂ ਹੋ ਗਈ,ਉਸਨੇ ਇੱਕ ਸਾਲ ਬਾਅਦ ਮੈਨੂੰ ਤਲਾਕ  ਦੇ ਦਿੱਤਾ , ਤੇ ਆਪਣੇ ਕਿਸੇ ਫੇਸਬੁੱਕ ਫਰੈਂਡ ਨਾਲ ਵਿਆਹ ਕਰਵਾ ਲਿਆ, ਜਿਸ ਕਰਕੇ ਉਹ ਉਥੇ ਜਾਣ ਦੀ ਜਿੱਦ ਕਰਦੀ ਸੀ, ਮੇਰੇ ਕੋਲ ਐਨੇ ਪੈਸੇ ਨਹੀਂ ਸਨ ਕਿ ਮੈਂ ਵਾਪਿਸ ਆ ਜਾਂਦਾ ਤੇ ਅੰਕਲ,ਆਂਟੀ ਦੀ ਮੌਤ ਦੀ ਖ਼ਬਰ ਵੀ ਮੈਨੂੰ ਮੇਰੇ ਦੋਸਤ ਨੇ ਫੋਨ ਕਰ ਦੱਸ ਦਿੱਤੀ ਸੀ, ਪਰ ਮੇਰੇ ਕੋਲ ਕੋਈ ਹੱਲ ਨਹੀਂ ਸੀ, ਮੇਰੇ ਕੋਲ ਜਦੋਂ ਹੀ ਪੈਸੇ ਆਏ ਮੈਂ ਵਾਪਿਸ ਆ ਗਿਆ।

ਮੈਂ : ਸੁਖ ਦੇ ਹੱਥ ਦੇ ਉੱਪਰ ਹੱਥ ਧਰਦਿਆਂ ਕਿਹਾ। ਮੈਂ ਪਹਿਲਾਂ ਵੀ ਕਿਹਾ ਸੀ, ਇਹ ਜ਼ਿੰਦਗੀ ਵਿੱਚ ਉਹ ਵੀ ਹੋ ਜਾਂਦਾ ਹੈ, ਜੋ ਸਾਡੇ ਹੱਥਾਂ ਦੀਆਂ ਲਕੀਰਾਂ ਵਿਚ ਨਹੀਂ ਹੁੰਦਾ....

ਸੁਖ ਅੱਗੋਂ ਚੁੱਪ ਹੋ ਗਿਆ...

ਅਸੀਂ ਦੋਵੇਂ ਤੱਦ ਤੋਂ ਇੱਕ ਹੀ ਘਰ ਵਿਚ ਰਹਿ ਰਹੇ ਹਾਂ, ਅਸੀਂ ਅੱਜ ਵੀ ਦੋਵੇਂ ਗੂੜ੍ਹੇ ਦੋਸਤ ਆਂ,ਮੇਰੀ ਮਾਤਾ ਜੀ ਪਿਛਲੇ ਸਾਲ ਇੱਕ ਸੌ ਪੰਜ ਸਾਲ ਦਾ ਸਫ਼ਰ ਤਹਿ ਕਰਕੇ ਗੁਜ਼ਰ ਗਏ, ਮੈਨੂੰ ਉਹਨਾਂ ਦੀ ਇਹ ਗੱਲ ਹਮੇਸ਼ਾ ਯਾਦ ਰਹੇਗੀ...ਕਿ ਲਾਡੋ ਤੂੰ ਮੇਰਾ ਦੂਸਰਾ ਪੁੱਤਰ ਹੈ..., ਮੈਂ ਤੇ ਸੁਖਨੂਰ ਹੁਣ ਅਸੀਂ ਦੋਵੇਂ ਮਿਲ ਕੇ ਅਖ਼ਬਾਰ ਚਲਾ ਰਹੇ ਹਾਂ, ਹੁਣ ਸਾਡਾ ਅਖ਼ਬਾਰ ਪਹਿਲੇ ਦਰਜੇ ਦਾ ਅਖਬਾਰ ਬਣ ਚੁੱਕਿਆ ਹੈ, ਤੇ ਮੇਰੀ ਇੱਕ ਬੇਟੀ... ਪੜਾਈ ਪੂਰੀ ਕਰਨ ਲਈ ਪ੍ਰਦੇਸ਼ ਗਈ ਹੋਈ ਹੈ, ਤੇ ਮੇਰੀ ਦੂਸਰੀ ਬੇਟੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ ਮਾਸਟਰ ਡਿਗਰੀ ਕਰ ਰਹੀ ਹੈ।

ਇਹ ਮੈਂ ਆਪਣੀ ਜ਼ਿੰਦਗੀ ਦਾ ਸਫ਼ਰ ਇੱਕ ਕਹਾਣੀਕਾਰ ਸੁਖਦੀਪ ਸਿੰਘ ਰਾਏਪੁਰ, ਜੋ ਕਿ ਮੇਰੇ ਨਾਲ ਇੱਕ ਅਖ਼ਬਾਰ ਵਿਚ ਰਚਨਾ ਪ੍ਰਕਾਸ਼ਿਤ ਕਰਵਾਉਣ ਨਾਲ ਮੇਰੇ ਸੰਪਰਕ ਵਿਚ ਆਏ , ਉਹਨਾਂ ਨਾਲ ਸਾਂਝੀ ਕਰ ਰਹੀ ਹਾਂ, ਉਹਨਾਂ ਦੀ

Webtopdfconverter.com

ਹਥਲਿਖਤ ਵਿਚ ਮੈਨੂੰ ਆਪਣੀ ਲਿਖਤ ਦੀ ਝਲਕ ਪੈਂਦੀ ਹੈ, ਮੈਨੂੰ ਆਸ ਹੈ,ਕਿ ਇੱਕ ਦਿਨ ਉਹ ਜ਼ਰੂਰ ਮੇਰੀ ਜਿੰਦਗੀ ਨੂੰ ਆਪਣੇ ਪਾਠਕਾਂ ਅੱਗੇ ਰੂਬਰੂ ਕਰਨਗੇ, ਮੈਨੂੰ ਤਦ ਬੜੀ ਖੁਸ਼ੀ ਮਹਿਸੂਸ ਹੋਵੇਗੀ, ਮੈਨੂੰ ਇਹ ਵੀ ਪੂਰੀ ਆਸ ਹੈ ਕਿ ਸੁਖਦੀਪ ਸਿੰਘ ਅੱਗੇ ਜਾ ਜ਼ਰੂਰ ਇੱਕ ਉੱਚ ਕੋਟੀ ਦਾ ਲੇਖਕ ਬਣਕੇ ਉੱਭਰੇਗਾ.....ਲਾਡੋ

*****

ਨੋਟ : ਇਸ  ਕਹਾਣੀ ਵਿਚ ਇੱਕ ਲਾਡੋ ਨਾ ਦੀ ਪਾਤਰ ਦੀ ਜ਼ਿੰਦਗੀ ਨੂੰ ਬਿਆਨਣ ਦੀ ਕੋਸ਼ਿਸ਼ ਕੀਤੀ ਹੈ, ਜੋ ਕਿ ਬਹੁਤ ਸਾਰੇ ਪਰਿਵਾਰਾਂ ਦੀ ਜ਼ਿੰਦਗੀ ਦਾ ਹਿੱਸਾ ਹੋਵੇਗਾ,ਆਸ ਕਰਦੇ ਹਾਂ ਕਿ ਤੁਹਾਨੂੰ ਸਾਡੀ ਇਹ ਕੋਸ਼ਿਸ਼ ਚੰਗੀ ਲੱਗੀ ਹੋਵੇਗੀ। ਆਪ ਸਭ ਜੀ ਦਾ ਬਹੁਤ ਬਹੁਤ ਧੰਨਵਾਦ ਜੀ।

## ✍ ਸੁਖਦੀਪ ਸਿੰਘ ਰਾਏਪੁਰ

ਨੋਟ : ਇਸ ਕਹਾਣੀ ਬਾਰੇ ਆਪਣੇ ਵਿਚਾਰ ਅਤੇ ਇਸ ਕਹਾਣੀ ਦਾ ਇਸ ਭਾਗ ਤੋਂ ਇਲਾਵਾ ਹੋਰ ਭਾਗ ਪੜਨ ਲਈ  ਤੇ ਹੋਰਨਾਂ ਕਹਾਣੀਆਂ ਨੂੰ ਪੜਨ ਲਈ ਤੁਸੀਂ ਸਾਡੇ ਇਹਨਾਂ ਨੰਬਰਾਂ ਤੇ ਸੰਪਰਕ ਜਾਂ ਵਾੱਸਟਅੱਪ ਮੈਸਜ ਕਰ ਸਕਦੇ ਹੋ ,ਸਾਡੇ ਲਈ ਤੁਹਾਡੇ ਵਿਚਾਰ ਬਹੁਤ ਵੱਡਮੁੱਲੇ ਹਨ ।

www.PunjabiLibrary.com Webtopdfconverter.com

ਸੁਖਦੀਪ ਸਿੰਘ ਰਾਏਪੁਰ ( 8699633924 )

**To read all writings of Sukhdeep Singh click below link or copy paste in your browser**

**http://punjabilibrary.com/authors/sukhdeep-singh/**